## ਸੰਪਾਦਕੀ

ਸੂਝਵਾਨ ਅਤੇ ਸੰਵੇਦਨਸ਼ੀਲ ਲੋਕ ਉਸ ਸਮੇਂ ਫ਼ਿਕਰ ਕਰਦੇ ਹਨ ਜਦ ਵਿਸ਼ਵ ਦੇ ਕਿਸੇ ਖਿੱਤੇ ਵਿੱਚ ਕੁੱਝ ਤਾਕਤਾਂ ਧਾਰਮਿਕ ਪੱਤਾ ਖੇਡ ਕੇ ਹੱਸਦੇ ਵੱਸਦੇ ਜੀਵਨ ਨੂੰ ਅੱਗ ਦੀ ਭੱਠੀ ਵਿੱਚ ਝੋਂਕ ਦਿੰਦੀਆਂ ਹਨ। ਸ਼ਰਾਰਤੀ ਲੋਕ ਅਜਿਹਾ ਤਾਣਾ ਬਾਣਾ ਬੁਣਦੇ ਹਨ ਕਿ ਜਨ ਸਾਧਾਰਣ ਸਮਝਣ 'ਚ ਸਮਰੱਥ ਨਹੀਂ ਹੁੰਦਾ। ਵੇਖਦੇ ਵੇਖਦੇ ਲੋਕ-ਰੋਹ ਪ੍ਰਚੰਡ ਹੋ ਜਾਂਦਾ ਹੈ। ਰੋਸ ਪ੍ਰਦਰਸ਼ਨ ਹੁੰਦੇ ਹਨ, ਕਾਰੋਬਾਰ ਠੱਪ ਹੋ ਜਾਂਦੇ ਹਨ। ਬਾਜ਼ਾਰਾਂ ਵਿੱਚ ਸੁੰਨ ਪੈ ਜਾਂਦੀ ਹੈ। ਗਰਮਾ ਗਰਮ ਅਤੇ ਉਕਸਾਊ ਭਾਸ਼ਾ ਦਾ ਇਸਤੇਮਾਲ ਇਸ ਕਦਰ ਕੀਤਾ ਜਾਂਦਾ ਹੈ ਕਿ ਅਮਨ ਨੂੰ ਅੱਗ ਲੱਗ ਜਾਂਦੀ ਹੈ। ਬੁੱਧੀਜੀਵਾਂ ਵੱਲੋਂ ਕੀਤੀਆਂ ਅਪੀਲਾਂ ਵੱਲ ਵੀ ਖਿਆਲ ਨਹੀਂ ਕੀਤਾ ਜਾਂਦਾ। ਜਨ ਸਾਧਾਰਨ ਨੂੰ ਜਦ ਸਮਝ ਆਉਂਦੀ ਹੈ ਤਾਂ ਹੋ ਚੁੱਕੇ ਨੁਕਸਾਨ ਦੀ ਪੂਰਤੀ ਹੋ ਹੀ ਨਹੀਂ ਸਕਦੀ।

ਖੁਸ਼ਹਾਲੀ ਅਤੇ ਵਿਕਾਸ ਹਮੇਸ਼ਾ ਸ਼ਾਂਤੀ ਦੇ ਮਾਹੌਲ ਵਿੱਚ ਸੰਭਵ ਹੋ ਸਕਦੇ ਹਨ। ਅਰਾਜਕਤਾ ਭਰੇ ਮਾਹੌਲ ਦੌਰਾਨ ਆਰਥਿਕਤਾ ਲੀਹੋਂ ਲਹਿ ਜਾਂਦੀ ਹੈ। ਕੌਮੀ ਸੰਪਤੀ ਦਾ ਨੁਕਸਾਨ ਹੁੰਦਾ ਹੈ ਤਾਂ ਬੋਝ ਕਿਸ ਤੇ ਪੈਣਾ ਹੈ? ਬੰਦ ਦੌਰਾਨ ਕਿਸੇ ਖੇਤਰ ਵਿੱਚ ਮਿਸਤਰੀ/ਮਕੈਨਿਕ ਘਰ ਬੈਠਣ ਲਈ ਮਜਬੂਰ ਹੁੰਦਾ ਹੈ ਜਦ ਕਿ ਮਜ਼ਦੂਰ ਰੋਟੀ ਤੋਂ ਵੀ ਅਵਾਜ਼ਾਰ ਹੋ ਜਾਂਦਾ ਹੈ। ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ ਸਗੋਂ ਹਿੰਸਾ ਉਲਝੀ ਹੋਈ ਤਾਣੀ ਨੂੰ ਹੋਰ ਵੀ ਉਲਝਾ ਦਿੰਦੀ ਹੈ। ਕੁਝ ਮੁੱਠੀ ਭਰ ਸਵਾਰਥੀ ਲੋਕ ਜ਼ਰੂਰ ਖੁਸ਼ ਹੁੰਦੇ ਹਨ। ਪਰ ਉਹਨਾਂ ਦੇ ਹਾਸਿਆਂ ਵਿੱਚੋਂ ਮਾਸੂਮਾਂ ਦੀਆਂ ਚੀਖਾਂ ਜ਼ਰੂਰ ਪੈਦਾ ਹੁੰਦੀਆਂ ਹਨ।

ਅਜਿਹੇ ਮਾਹੌਲ 'ਚ ਕਰਨਾ ਕੀ ਚਾਹੀਦਾ ਹੈ? ਧਰਮ ਨਿਰਪੱਖ ਲੋਕ ਆਮ ਲੋਕਾਂ ਦੀ ਕਚਹਿਰੀ ਵਿੱਚ ਜਾ ਕੇ ਪੈਦਾ ਕੀਤਾ ਜਾ ਚੁੱਕੀ ਉਕਸਾਹਟ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨ। ਅਜਿਹਾ ਕਰਦੇ ਸਮੇਂ ਮਿੱਠੇ ਬੋਲ ਜ਼ਖਮਾਂ ਤੇ ਮਲਮ ਦਾ ਕੰਮ ਕਰ ਸਕਦੇ ਹਨ, ਸਾਂਝੀਵਾਲਤਾ ਦਾ ਸੰਦੇਸ਼ ਲੋਕ ਵਿਰਸੇ ਵਿੱਚੋਂ ਉਦਾਹਰਣਾਂ ਜ਼ਰੀਏ ਵੰਡਿਆ ਜਾਵੇ। ਵਿਦੇਸ਼ੀ ਫਲਸਫ਼ੇ ਨੂੰ ਜਨ ਸਾਧਾਰਣ ਅੱਗੇ ਰੱਖਣ ਨਾਲ ਅਰਥ ਦਾ ਅਨਰਥ ਵੀ ਹੋ ਸਕਦਾ ਹੈ। ਲੋਕਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਜਾਵੇ ਕਿ ਮਾਨਵਤਾ ਹੀ ਸਭ ਦਾ ਧਰਮ ਹੈ। ਸਾਰੇ ਬੰਦੇ ਇੱਕ ਹੀ ਕੁਦਰਤ ਦੀ ਗੋਦ ਵਿੱਚ ਆਪੋ ਆਪਣੀ ਭੂਮਿਕਾ ਨਿਭਾਅ ਰਹੇ ਹਨ। ਲੋਕਾਂ ਨੂੰ ਸਾਹਿਤ ਨਾਲ ਜੋੜਨਾ ਵੀ ਸਮੇਂ ਦੀ ਲੋੜ ਹੈ।

***-ਸਤਵਿੰਦਰ ਬੇਗੋਵਾਲੀਆ***



# ਨਿਬੰਧ

## ਹੀਰੋ ਸਾਈਕਲ ਦੇ ਹੀਰੋ-
## ਓਮ ਪ੍ਰਕਾਸ਼ ਮੁੰਜਾਲ ਉਰਫ 'ਛੋਟੇ ਬਾਊ ਜੀ'।

**ਡਾ. ਬਿਕਰਮ ਸਿੰਘ ਵਿਰਕ**

ਦੇਸ਼ ਜਦ ਆਪਣੇ 69ਵੇਂ ਅਜਾਦੀ ਦਿਵਸ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਉਸ ਤੋਂ ਦੋ ਦਿਨ ਪਹਿਲਾਂ 13 ਅਗਸਤ ਨੂੰ ਭਾਰਤ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਹੀਰੋ ਸਾਈਕਲ ਅਤੇ ਹੀਰੋ ਗਰੁੱਪ ਦਾ ਨਾਮ ਰੌਸ਼ਨ ਕਰਨ ਵਾਲੇ ਅਤੇ ਪੰਜਾਬ ਵਿਚ ਕਈ ਵਡੀਆਂ ਕੰਪਨੀਆਂ ਸਥਾਪਤ ਕਰਨ ਵਾਲੇ ਪੰਜਾਬ ਦੇ ਉਘੇ ਸਨਅਤਕਾਰ ਓਮ ਪ੍ਰਕਾਸ਼ ਮੁੰਜਾਲ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਆਮ ਬੰਦੇ ਦੀ ਸਵਾਰੀ ਸਾਈਕਲ ਨੂੰ ਇਕ ਨਵਾਂ ਰੂਪ ਦੇਣ ਵਾਲੇ ਅਤੇ ਇਸ ਨੂੰ ਹਰ ਘਰ ਵਿਚ ਪਹੁਚਾਉਣ ਵਾਲੇ ਓਮ ਪ੍ਰਕਾਸ਼ ਦਾ ਜਨਮ 26 ਅਗਸਤ 1928 ਨੂੰ ਕਮਾਲੀਆ ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਪਿਤਾ ਬਹਾਦਰ ਚੰਦ ਅਤੇ ਮਾਤਾ ਠਾਕੁਰ ਦੇਵੀ ਦੇ ਘਰ ਹੋਇਆ ਅਤੇ ਮੁਢਲੀ ਸਿਖਿਆ ਵੀ ਓਥੋਂ ਹੀ ਹਾਸਲ ਕੀਤੀ। ਓਮ, ਜਿਸ ਨੂੰ ਹੀਰੋ ਸਾਈਕਲ ਦੇ ਸਾਰੇ ਮੁਲਾਜ਼ਮ 'ਛੋਟੇ ਬਾਊ ਜੀ' ਦੇ ਨਾਮ ਨਾਲ ਵਧੇਰੇ ਜਾਣਦੇ ਸਨ, ਪਰਿਵਾਰ ਦੇ 6 ਭਰਾਵਾਂ ਅਤੇ ਇਕ ਭੈਣ ਵਿਚੋਂ ਸਭ ਤੋਂ ਛੋਟਾ ਸੀ ਅਤੇ ਉਸ ਨੂੰ 17 ਸਾਲ ਦੀ ਉਮਰ ਵਿਚ ਹੀ ਪੜ੍ਹਾਈ ਛਡਕੇ ਪਰਿਵਾਰ ਦੇ ਕਾਰੋਬਾਰ ਵਿਚ ਲਗਣਾ ਪਿਆ। ਸੰਘਰਸ਼ ਦੇ ਇਹਨਾਂ ਦਿਨਾਂ ਵਿਚ ਹੀ ਦੇਸ਼ ਦੀ ਵੰਡ ਹੋ ਗਈ ਅਤੇ ਪਰਿਵਾਰ ਨੂੰ ਉਜੜ ਕੇ ਇਧਰ ਆਉਣਾ ਪਿਆ, ਜਿਥੇ ਪਰਿਵਾਰ ਨੇ ਪਹਿਲਾਂ ਅੰਮ੍ਰਿਤਸਰ ਵਿਚ ਕਿਸਮਤ ਅਜਮਾਈ। ਕਾਰੋਬਾਰ ਸਾਈਕਲਾਂ ਦੇ ਪਾਰਟਸ ਦਾ ਸੀ ਅਤੇ ਕੰਮ ਵੀ ਸਧਾਰਨ ਹੀ ਸੀ। ਇਥੇ ਵੀ ਅਜੇ ਪੂਰੀ ਤਰਾਂ ਨਾਲ ਸ਼ਾਂਤੀ ਨਹੀਂ ਸੀ ਹੋਈ, ਇਸ ਲਈ ਪਰਿਵਾਰ ਆਗਰੇ ਚਲਾ ਗਿਆ। ਜਦੋਂ ਉਥੇ ਵੀ ਪੈਰ ਨਾ ਲਗੇ ਤਾਂ ਮੁੰਜਾਲ ਪਰਿਵਾਰ ਲੁਧਿਆਣੇ ਆ ਗਿਆ ਜੋ ਕਿ ਉਹਨਾਂ ਦਿਨਾਂ ਵਿਚ ਸਾਈਕਲਾਂ ਦੇ ਹਿਸੇ ਪੁਰਜ਼ੇ ਬਣਾਉਣ ਦਾ ਗੜ੍ਹ ਸੀ। ਇਥੇ ਹੀ ਪਹਿਲਾਂ 'ਮੁੰਜਾਲ ਬ੍ਰਦਰਜ਼' ਅਤੇ ਫਿਰ 'ਹੀਰੋ ਸਾਈਕਲ' ਦੇ ਨਾਮ ਹੇਠ ਮੁੰਜਾਲ ਪਰਿਵਾਰ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਇਹ ਉਹ ਜ਼ਮਾਨਾ ਸੀ ਜਦੋਂ ਹਿੰਦੋਸਤਾਨ ਵਿਚ ਸਾਈਕਲਾਂ ਦੇ ਪੂਰੇ ਪਾਰਟਸ ਨਹੀਂ ਸਨ ਬਣਦੇ ਅਤੇ ਬਹੁਤ ਸਾਰੇ ਹਿਸੇ ਪੁਰਜ਼ੇ ਇੰਗਲੈਂਡ ਤੋਂ ਮੰਗਵਾਏ ਜਾਂਦੇ ਸਨ। ਇਸ ਵਕਤ ਤਕ ਕੋਈ ਵੀ ਭਾਰਤੀ ਸਾਈਕਲ ਬਜ਼ਾਰ ਵਿਚ ਨਹੀਂ ਸੀ ਅਤੇ ਬਜ਼ਾਰ 'ਤੇ ਇੰਗਲੈਂਡ ਦੇ ਰੇਲੇ (Releigh) ਅਤੇ ਹਰਕੁਲੀਜ਼ (Hercules) ਵਰਗੇ ਨਾਮੀ ਗਰਾਮੀ ਬ੍ਰਾਂਡਾਂ ਦਾ ਕਬਜ਼ਾ ਸੀ। ਰੇਲੇ ਦਾ ਸਾਈਕਲ ਸਭ ਤੋਂ ਮਸ਼ਹੂਰ ਸੀ ਅਤੇ ਇਹ ਲੋਕਾਂ ਦੀ ਜ਼ੁਬਾਨ ਤੇ ਚੜ੍ਹਿਆ ਹੋਇਆ ਸੀ। ਜਦ ਕੋਈ ਤੇਜ਼ ਸਾਈਕਲ ਭਜਾਈ ਜਾਂਦਾ ਤਾਂ ਲੋਕ ਕਹਿੰਦੇ ਬੜਾ 'ਰੇਲਾ' ਬਣਾਈ ਜਾਂਦਾ ਸੀ ਬਈ।

### ਹੀਰੋ ਨਾਮ

ਕੰਪਨੀ ਦਾ ਨਾਮ 'ਹੀਰੋ ਸਾਈਕਲ' ਰਖਣ ਦਾ ਵੀ ਇਕ ਅਜੀਬ ਵਾਕਿਆ ਹੀ ਕਿਹਾ ਜਾ ਸਕਦਾ ਹੈ। ਵੰਡ ਦੇ ਦਿਨਾਂ ਵਿਚ ਜਦੋਂ ਮੁੰਜਾਲ ਪਰਿਵਾਰ ਅੰਮ੍ਰਿਤਸਰ ਵਿਚ ਕੰਮ ਕਰਦਾ ਸੀ ਤਾਂ ਓਮ ਪ੍ਰਕਾਸ਼ ਦਾ ਇਕ ਭਾਈਵਾਲ ਕਰਮਦੀਨ ਨਾਮ ਦਾ ਮੁਸਲਮਾਨ ਸੀ ਜੋ ਕਿ ਇਹਨਾਂ ਨੂੰ ਹੀ ਕਾਠੀਆਂ ਸਪਲਾਈ ਕਰਿਆ ਕਰਦਾ ਸੀ ਤੇ ਉਸ ਦੀ ਫਰਮ ਦਾ ਨਾਮ ਹੀਰੋ ਸੀ। ਉਸ ਨਾਲ ਓਮ ਦੀ ਗੂੜ੍ਹੀ ਸਾਂਝ ਸੀ, ਬਲਕਿ ਭਰਾਵਾਂ ਵਾਲਾ ਪਿਆਰ ਸੀ। ਕਰਮਦੀਨ ਜਦੋਂ ਰੌਲਿਆਂ ਵਿਚ ਪਾਕਿਸਤਾਨ ਜਾਣ ਲਗਿਆ ਤਾਂ ਉਸ ਨੇ ਓਮ ਪ੍ਰਕਾਸ਼ ਨੂੰ ਕਿਹਾ ਬਈ ਮਿੱਤਰਾ, ਮੈਂ ਹੋਰ ਤਾਂ ਤੈਨੂੰ ਕੁਝ ਨਹੀਂ ਦੇ ਸਕਦਾ, ਮੈਂ ਆਪਣੀ ਫਰਮ ਦਾ ਨਾਮ 'ਹੀਰੋ' ਤੈਨੂੰ ਦੇ ਰਿਹਾਂ। ਨਾਲੇ ਇਹ ਤੇਰੇ ਤੇ ਢੁਕਦਾ ਵੀ ਹੈ। ਉਸ ਤੋਂ ਬਾਅਦ ਓਮ ਪ੍ਰਕਾਸ਼ ਮੁੰਜਾਲ ਨੇ ਆਪਣੀ ਕੰਪਨੀ ਦਾ ਨਾਮ 'ਹੀਰੋ ਸਾਈਕਲ' ਰੱਖਿਆ ਅਤੇ ਇਸ ਨਾਮ ਤੋਂ ਅਜ ਦੁਨੀਆਂ ਦਾ ਬੱਚਾ-ਬੱਚਾ ਵਾਕਿਫ ਹੈ। ਇਸ ਵਕਤ ਹੀਰੋ ਸਾਈਕਲ ਦੇ ਕਰੀਬ 10 ਕਰੋੜ ਸਾਈਕਲ ਭਾਰਤੀ ਸੜਕਾਂ ਦੇ ਦੌੜ ਰਹੇ ਹਨ ਅਤੇ ਇਹ ਹਰ ਰੋਜ਼ 19,000 ਸਾਈਕਲ ਬਣਾ ਰਹੇ ਹਨ ਜੋ ਕਿ ਭਾਰਤ ਤੋਂ ਇਲਾਵਾ 75 ਹੋਰ ਦੇਸ਼ਾਂ ਵਿਚ ਨਿਰਯਾਤ ਕੀਤੇ ਜਾਂਦੇ ਹਨ। ਸੰਨ 1986 ਤੋਂ ਪੂਰੀ ਦੁਨੀਆਂ ਵਿਚ ਸਭ ਤੋਂ ਵਧ ਸਾਈਕਲ ਬਣਾਉਣ ਦਾ ਰਿਕਾਰਡ 'ਹੀਰੋ ਸਾਈਕਲ' ਦੇ ਨਾਮ ਹੈ ਅਤੇ ਇਸ ਦਾ ਨਾਮ 'ਗਿਨੀਜ਼ ਬੁਕ ਆਫ ਵਰਲਡ ਰਿਕਾਰਡਜ਼' ਵਿਚ ਦਰਜ ਹੈ। ਅਜ ਹੀਰੋ ਗਰੁਪ ਦੀਆਂ ਕੁਲ ਮਿਲਾਕੇ 23 ਵੱਖ ਵੱਖ ਕੰਪਨੀਆਂ ਹਨ ਜਿਹਨਾਂ ਦੀ ਸਾਲਾਨਾ ਵਿਕਰੀ 5.2 ਅਰਬ ਡਾਲਰ ਦੇ ਕਰੀਬ ਹੈ। ਇਕ ਸਾਈਕਲਾਂ ਦੇ ਕੁਲ ਪੁਰਜ਼ਿਆਂ ਤੋਂ ਇਤਨਾ ਵਡਾ ਸਨਅਤੀ ਕਾਰੋਬਾਰ ਖੜਾ ਕਰਨਾ ਕੋਈ ਆਸਾਨ ਕੰਮ ਨਹੀਂ ਹੁੰਦਾ ਅਤੇ ਇਸ ਵਿਚ ਮੁੰਜਾਲ ਪਰਿਵਾਰ ਦੇ ਓਮ ਪ੍ਰਕਾਸ਼ ਮੁੰਜਾਲ ਦਾ ਬਹੁਤ ਵਡਾ ਯੋਗਦਾਨ ਸੀ।

### ਕੈਰੋਂ ਨੇ ਬਣਾਇਆ ਹੀਰੋ ਨੂੰ ਪਹਿਲਾ ਸਾਈਕਲ ਨਿਰਮਾਤਾ

1950ਵਿਆਂ ਵਿਚ ਹੀਰੋ ਸਾਈਕਲਜ਼ ਦਾ ਸਾਈਕਲਾਂ ਦੇ ਹਿਸੇ ਪੁਰਜ਼ੇ ਬਣਾਉਣ ਦਾ ਕੰਮ ਵਧੀਆ ਚਲ ਰਿਹਾ ਸੀ ਅਤੇ ਇਸ ਦਾ ਮਾਰਕੀਟ ਵਿਚ ਮਿਆਰ ਦੇ ਪੱਖ ਤੋਂ ਪੂਰਾ ਨਾਮ ਬਣ ਚੁਕਿਆ ਸੀ। ਇਹਨਾਂ ਦਿਨਾਂ ਵਿਚ ਪੰਜਾਬ ਅੰਦਰ ਅਜੇ ਕੋਈ ਵੀ ਸਨਅਤ ਠੀਕ ਢੰਗ ਨਾਲ ਸਥਾਪਤ ਨਹੀਂ ਸੀ ਹੋਈ। ਇਹ ਸਮਾਂ ਹਰੇ ਇਨਕਲਾਬ ਤੋਂ ਪਹਿਲਾਂ ਦਾ ਸੀ ਅਤੇ ਪੰਜਾਬ ਦੇ ਮੁਖ ਮੰਤਰੀ ਹੁੰਦਿਆਂ ਸ. ਪ੍ਰਤਾਪ ਸਿੰਘ ਕੈਰੋਂ ਸੂਬੇ ਦੇ ਸਨਅਤੀਕਰਨ ਕਰਨ ਵਿਚ ਵੀ ਕਾਫੀ ਦਿਲਚਸਪੀ ਰਖਦੇ ਸਨ। ਗੱਲ 1956 ਦੀ ਹੈ ਜਦੋਂ ਇਕ ਦਿਨ ਲੁਧਿਆਣੇ ਇਕ ਦੌਰੇ ਦੌਰਾਨ ਕੈਰੋਂ ਸਾਹਿਬ ਜਦੋਂ ਹੀਰੋ ਸਾਈਕਲ ਦੇ ਓਸ ਵੇਲੇ ਦੇ ਕਰਤਾ ਧਰਤਾ ਤੇ ਓ.ਪੀ. ਮੁੰਜਾਲ ਦੇ ਵਡੇ ਭਰਾ ਬ੍ਰਿਜ ਮੋਹਨ ਮੁੰਜਾਲ ਨੂੰ ਮਿਲੇ ਤਾਂ ਕੈਰੋਂ ਨੇ ਕਿਹਾ ਕਿ ਯਾਰ, ਤੁਸੀਂ ਸਾਈਕਲ ਪੁਰਜ਼ੇ ਤਾਂ ਵਧੀਆ ਬਣਾਉਂਦੇ ਹੋ ਪੂਰਾ ਸਾਈਕਲ ਕਿਉਂ ਨਹੀਂ ਬਣਾਉਂਦੇ। ਮੈਂ ਤੁਹਾਨੂੰ ਲੋੜੀਂਦੇ ਪੁਰਜ਼ੇ ਵਿਦੇਸ਼ੋਂ ਦਰਮਾਦ ਕਰਨ ਲਈ ਛੋਟੀ ਸਨਅਤ ਦਾ ਲਾਇਸੈਂਸ ਦੇ ਦਿੰਦਾਂ। ਇਸ ਵਕਤ ਬ੍ਰਿਜ ਮੋਹਨ ਮੁੰਜਾਲ ਨੇ ਕਿਹਾ ਕਿ ਜੇ ਲਾਇਸੈਂਸ ਦੇਣਾ ਹੀ ਹੈ ਤਾਂ ਫਿਰ ਵਡੀ ਸਨਅਤ ਦਾ ਦਿਓ। ਇੰਜ ਮੌਕੇ ਤੇ ਹੀ ਕੈਰੋਂ ਨੇ ਹੀਰੋ ਸਾਈਕਲ ਨੂੰ ਸਾਲਾਨਾ 7,500 ਸਾਈਕਲ ਬਣਾਉਣ ਦਾ ਲਾਇਸੈਂਸ ਦੇ ਦਿਤਾ। ਇਹ ਲਾਇਸੈਂਸ ਪਰਮਿਟ



ਰਾਜ ਦੇ ਦਿਨ ਸਨ ਅਤੇ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਕੋਈ ਇਕ ਚੀਜ਼ ਵੀ ਵਧ ਨਹੀਂ ਸੀ ਬਣਾ ਸਕਦਾ। ਹੀਰੋ ਸਾਈਕਲ ਵਾਲਿਆਂ ਨੇ ਅਗਲੇ ਸਾਲ 7500 ਸਾਈਕਲ 6 ਮਹੀਨੇ ਵਿਚ ਹੀ ਬਣਾ ਕੇ ਵੇਚ ਦਿਤੇ ਅਤੇ ਮੁੰਜਾਲ ਫਿਰ ਕੈਰੋਂ ਕੋਲ ਚਲਿਆ ਗਿਆ ਕਿ ਹੋਰ ਸਾਈਕਲ ਬਣਾਉਣ ਦਾ ਲਾਇਸੈਂਸ ਦਿਤਾ ਜਾਵੇ। ਇਹਨਾਂ ਦਿਨਾਂ ਵਿਚ ਕਈ ਸਨਅਤਕਾਰ ਲਾਇਸੈਂਸ ਲੈਕੇ ਅਗੇ ਬਲੈਕ ਮਾਰਕੀਟ ਵਿਚ ਵੇਚ ਦੇਣ ਦਾ ਧੰਦਾ ਵੀ ਕਰਦੇ ਸਨ। ਇਸ ਲਈ ਕੈਰੋਂ ਨੂੰ ਸ਼ਕ ਪੈ ਗਿਆ ਕਿ ਕਿਤੇ ਮੁੰਜਾਲ ਹੋਰੀਂ ਵੀ ਇਸੇ ਰਾਹ ਤਾਂ ਨਹੀਂ ਪੈਣ ਲਗੇ। ਉਹ ਆਪ ਫੈਕਟਰੀ ਆ ਪਹੁੰਚਿਆ। ਪਰ ਜਦੋਂ ਉਥੇ ਕਾਮਿਆਂ ਨੂੰ ਪੂਰੀ ਤਨਦੇਹੀ ਨਾਲ ਕੰਮ ਕਰਦਿਆਂ ਵੇਖਿਆਂ ਤਾਂ ਕੈਰੋਂ ਨੇ ਮੌਕੇ ਤੇ ਹੀ ਸਲਾਨਾ 25,000 ਸਾਈਕਲ ਬਣਾਉਣ ਦਾ ਲਾਇਸੈਂਸ ਹੀਰੋ ਸਾਈਕਲਜ਼ ਨੂੰ ਦੇ ਦਿਤਾ। ਇਸ ਤੋਂ ਪਿਛੋਂ ਫਿਰ ਹੀਰੋ ਸਾਈਕਲ ਨੇ ਪਿਛੇ ਭੌਂ ਕੇ ਨੀ ਵੇਖਿਆ ਅਤੇ ਲਗਾਤਾਰ ਬੁਲੰਦੀਆਂ ਸਰ ਕਰਦਾ ਗਿਆ।

ਸਾਈਕਲ ਦੇ ਪੈਡਲ ਮਾਰਨ ਤੋਂ ਬਚਣ ਲਈ ਉਹਨਾਂ ਦਿਨਾਂ ਵਿਚ ਕਈ ਲੋਕਾਂ ਨੇ ਸਾਈਕਲਾਂ ਦੇ ਅਗੇ ਹੈਂਡਲਾਂ ਤੇ ਜਾਂ ਹੇਠਾਂ ਫਰੇਮ ਵਿਚ ਛੋਟੇ ਇੰਜਨਾਂ ਵਾਲੀਆਂ ਮੋਟਰਾਂ ਲਵਾ ਲਈਆਂ ਸਨ ਜੋ ਚੇਨ ਪਾਕੇ ਪਿਛਲੇ ਪਹੀਏ ਦੀ ਗਰਾਰੀ ਨਾਲ ਜੋੜ ਦਿਤੀਆਂ ਜਾਂਦੀਆਂ ਸਨ ਅਤੇ ਸਵਾਰ ਨੂੰ ਸਾਈਕਲ ਦੇ ਪੈਡਲ ਨਹੀਂ ਸਨ ਮਾਰਨੇ ਪੈਂਦੇ। ਇਹ ਇਕ ਤਰਾਂ ਨਾਲ ਗਰੀਬ ਦਾ ਮੋਟਰ ਸਾਈਕਲ ਸੀ। ਇਸ ਤੋਂ ਹੀ ਸੇਧ ਲੈਂਦਿਆਂ ਹੀਰੋ ਗਰੁਪ ਨੇ ਅਜਿਹੇ ਲੋਕਾਂ ਅਤੇ ਖਾਸਕਰ ਔਰਤਾਂ ਲਈ 1978 ਵਿਚ ਇਕ ਬਿਨਾਂ ਗੇਅਰਾਂ ਤੋਂ ਮੋਪੇਡ 'ਹੀਰੋ ਮਜੈਸਟਿਕ' ਬਜ਼ਾਰ ਵਿਚ ਉਤਾਰੀ ਜੋ ਕਿ ਜਲਦੀ ਹੀ ਮਸ਼ਹੂਰ ਹੋ ਗਈ ਅਤੇ ਕਾਫੀ ਵਿਕੀ। ਇੰਜਨ ਦੇ ਨਾਲ ਨਾਲ ਇਸ ਦੇ ਪੈਡਲ ਵੀ ਸਨ ਜਿਸ ਕਰਕੇ ਇਹ ਦੋਵੇਂ ਤਰਾਂ ਨਾਲ ਹੀ ਚਲ ਸਕਦੀ ਸੀ। ਇਸ ਤੋਂ ਬਿਨਾ ਬਾਅਦ ਵਿਚ ਹੀਰੋ ਪੈਂਥਰ, ਗਿਜ਼ਮੋ, ਸਟਾਲੀਅਨ ਆਦਿ ਨਾਮ ਦੀਆਂ ਮੋਪਿਡਾਂ ਬਣਾਈਆਂ ਅਤੇ ਭਾਰਤ ਤੋਂ ਇਲਾਵਾ ਕਈ ਹੋਰ ਦੇਸ਼ਾਂ ਵਿਚ ਬਰਾਮਦ ਵੀ ਕੀਤੀਆਂ। ਪਰ ਇਹ ਅਜ ਦੀਆਂ ਗੀਅਰਲੈਸ ਮੋਪਿਡਾਂ ਐਕਟਿਵਾ ਜਾਂ ਹੋਰਨਾ ਦੇ ਹਾਣ ਦੀਆਂ ਨਹੀਂ ਸਨ ਅਤੇ ਇੰਜ 2000 ਤੋਂ ਬਾਅਦ ਕਈ ਹੋਰ ਵਧੀਆ ਮੋਪੇਡਾਂ ਬਜ਼ਾਰ ਵਿਚ ਆਉਣ ਨਾਲ ਇਹਨਾਂ ਦਾ ਵਿਕਰੀ ਓਨੀ ਨਹੀਂ ਸੀ ਰਹੀ । ਇਸ ਪਿਛੋਂ 1988 ਵਿਚ 'ਹੀਰੋ ਪੁਕ' ਨਾਮੀ ਮੋਪੇਡ ਵੀ ਹੀਰੋ ਸਾਈਕਲ ਵਲੋਂ ਬਜ਼ਾਰ ਵਿਚ ਉਤਾਰੀ ਪਰ ਇਹ ਵੀ ਕੋਈ ਖਾਸ ਮਾਅਰਕਾ ਨਾ ਮਾਰ ਸਕੀ।

### ਹਾਂਡਾ ਨਾਲ ਭਾਈਵਾਲੀ

ਅਸੀਵਿਆਂ ਦੇ ਸ਼ੁਰੂ ਤਕ ਪੂਰੇ ਦੇਸ਼ ਵਿਚ ਕੁਝ ਕੰਪਨੀਆਂ ਹੀ ਮੋਟਰ ਸਾਈਕਲ ਬਣਾ ਕੇ ਵੇਚ ਰਹੀਆਂ ਸਨ। ਇਹਨਾਂ ਵਿਚ ਸਭ ਤੋਂ ਅਗੇ ਸੀ ਐਨਫੀਲਡ ਇੰਡੀਆ, ਜਿਸ ਦਾ ਰਾਇਲਨਫੀਲਡ, ਜਿਸ ਨੂੰ ਕਿ ਲੋਕ 'ਬੁਲਟ' ਦੇ ਨਾਮ ਨਾਲ ਜਾਣਦੇ ਹਨ ਜਾਂ ਫਿਰ ਜਾਵਾ ਅਤੇ ਯੈਜਦੀ ਸਨ। ਇਸਕਾਰਟ ਗਰੁਪ ਦਾ ਮੋਟਰ ਸਾਈਕਲ 'ਰਾਜਦੂਤ' ਵੀ ਇਸ ਸਮੇਂ ਤਕ ਬਜ਼ਾਰ ਵਿਚ ਆ ਚੁਕਾ ਸੀ ਅਤੇ ਕਾਫੀ ਚਲ ਰਿਹਾ ਸੀ। ਬਜਾਜ ਆਟੋ ਵੀ ਸਕੂਟਰ ਤਾਂ ਬਣਾ ਰਹੀ ਸੀ ਪਰ ਮੋਟਰ ਸਾਈਕਲ ਬਣਾਉਣ ਦੇ ਖੇਤਰ ਵਿਚ ਅਜੇ ਇਸ ਨੇ ਕਦਮ ਨਹੀਂ ਸੀ ਰਖਿਆ। ਪੰਜਾਬ ਦੇ ਹਲਾਤ ਖਰਾਬ ਹੋਣ ਕਾਰਣ ਬੁਲਟ ਤੇ ਤਾਂ ਅਕਸਰ ਪਾਬੰਦੀ ਹੀ ਲਗੀ ਰਹਿੰਦੀ ਸੀ। ਬਾਕੀ ਦੂਸਰੇ ਮੋਟਰ ਸਾਈਕਲ ਤਕਨੀਕ ਅਤੇ ਪੈਟਰੋਲ

ਦੀ ਐਵਰੇਜ਼ ਦੇ ਪਖ ਤੋਂ ਬਹੁਤੇ ਮਿਆਰੀ ਨਹੀਂ ਸਨ। ਵਿਦੇਸ਼ੀ ਮੋਟਰ ਸਾਈਕਲ ਨਾ ਤਾਂ ਭਾਰਤ ਵਿਚ ਬਨਣੇ ਸ਼ੁਰੂ ਹੋਏ ਸਨ ਅਤੇ ਨਾਂ ਹੀ ਬਾਹਰੋਂ ਲਿਆਉਣੇ ਇਨੇ ਅਸਾਨ ਸਨ ਕਿਉਂਕਿ ਕਸਟਮ ਡਿਊਟੀ ਬਹੁਤ ਜਿਆਦਾ ਸੀ। ਇਹਨਾਂ ਹੀ ਦਿਨਾਂ ਵਿਚ ਭਾਰਤੀ ਆਟੋ ਬਜ਼ਾਰ ਵਿਚ ਕੁਝ ਵਿਦੇਸ਼ੀ ਕੰਪਨੀਆਂ ਨੂੰ ਭਾਰਤੀ ਸਨਅਤਕਾਰਾਂ ਦੀ ਭਾਈਵਾਲੀ ਨਾਲ ਕਾਰੋਬਾਰ ਸ਼ੁਰੂ ਕਰਨ ਦੀ ਇਜਾਜ਼ਤ ਦਿਤੀ ਗਈ ਸੀ ਜਿਹਨਾਂ ਵਿਚ ਜਪਾਨ ਦੀ ਕਾਰ ਕੰਪਨੀ ਸੁਜ਼ੂਕੀ ਮੋਟਰਜ਼ ਅਤੇ ਹਾਂਡਾ ਮੋਟਰਜ਼ ਸ਼ਾਮਿਲ ਸਨ। 1982 ਵਿਚ ਹਾਂਡਾ ਨੇ ਭਾਰਤ ਵਿਚ ਮੋਟਰ ਸਾਈਕਲਾਂ ਦੇ ਉਤਪਾਦਨ ਲਈ ਭਾਈਵਾਲ ਲਭਣ ਖਾਤਰ ਅਖਬਾਰ ਵਿਚ ਇਕ ਇਸ਼ਤਿਹਾਰ ਦਿਤਾ ਜਿਸ ਨੂੰ ਪੜ ਕੇ ਹੀਰੋ ਗੁਰਪ ਨੇ ਵੀ ਅਰਜ਼ੀ ਦੇ ਦਿਤੀ। ਇਸ ਵਕਤ ਤਕ ਹੀਰੋ ਸਾਈਕਲ ਵਾਲਿਆਂ ਨੂੰ ਮੋਟਰ ਸਾਈਕਲ ਬਣਾਉਣ ਦਾ ਕੋਈ ਤਜ਼ਰਬਾ ਨਹੀਂ ਸੀ। ਕੁਲ 17 ਦੇ ਕਰੀਬ ਵਡੇ ਵਡੇ ਸਨਅਤੀ ਘਰਾਣਿਆਂ ਨੇ ਹਾਂਡਾ ਨਾਲ ਭਾਈਵਾਲੀ ਲਈ ਅਰਜ਼ੀਆਂ ਦਿਤੀਆਂ ਸਨ, ਜਿਹਨਾਂ ਵਿਚ ਐਮਬੈਸਡਰ ਕਾਰਾਂ ਬਣਾਉਣ ਵਾਲੀ ਬਿਰਲਾ ਗਰੁਪ ਦੀ ਕੰਪਨੀ ਹਿੰਦੋਸਤਾਨ ਮੋਟਰਜ਼ ਵਰਗੇ ਵੱਡੇ ਵੱਡੇ ਪਹਿਲਵਾਨ ਸ਼ਾਮਿਲ ਸਨ। ਪਰ ਜਪਾਨ ਵਾਲਿਆਂ ਨੇ ਜਦੋਂ ਹੀਰੋ ਸਾਈਕਲ ਦੀ ਫੈਕਟਰੀ ਵਿਚ ਕੰਮ ਕਾਰ ਦੇ ਤੌਰ ਤਰੀਕੇ ਵੇਖੇ ਤਾਂ ਉਹ ਕਾਇਲ ਹੋ ਗਏ। ਉਹਨਾਂ ਨੂੰ ਹੀਰੋ ਸਾਈਕਲ ਦਾ ਕੰਮ ਕਰਨ ਦਾ ਤਰੀਕਾ ਆਪਣੇ ਵਰਗਾ ਹੀ ਲਗਿਆ ਅਤੇ ਉਹਨਾਂ ਨੇ ਭਾਈਵਾਲੀ ਲਈ ਇਸ ਨੂੰ ਹੀ ਚੁਣਿਆ। ਜਦੋਂ ਇਹਨਾਂ ਦਾ ਮੋਟਰ ਸਾਈਕਲ ਹੀਰੋ ਹਾਂਡਾ 1982-83 ਵਿਚ ਮਾਰਕੀਟ ਵਿਚ ਆਇਆ ਤਾਂ ਇਸ ਨੇ ਆਪਣੀ ਦਿਖ, 70 ਤੋਂ 80 ਕਿਲੋਮੀਟਰ ਦੀ ਪ੍ਰਤੀ ਲੀਟਰ ਮਾਈਲੇਜ਼ ਅਤੇ ਹੋਰ ਗੁਣਾ ਨਾਲ ਮਾਰਕੀਟ ਵਿਚ ਤਹਿਲਕਾ ਮਚਾ ਦਿਤਾ। ਪਹਿਲੀ ਕਿਕ ਤੇ ਯਾਹਮਾਂ ਤਾਂ ਭਾਵੇਂ ਸਤਿੰਦਰ ਸਰਤਾਜ ਦਾ ਹੀ ਸਟਾਰਟ ਹੁੰਦਾ ਹੋਵੇ ਹੋਰ ਨਹੀਂ, ਪਰ ਹੀਰੋ ਹਾਂਡਾ ਜਰੂਰ ਪਹਿਲੀ ਕਿਕ ਤੇ ਸਟਾਰਟ ਹੁੰਦਾ ਸੀ। ਉਹਨਾਂ ਦਿਨਾਂ ਵਿਚ ਵਿਆਹ ਕਰਵਾਉਣ ਵਾਲੇ ਮੁੰਡੇ ਦਾਜ ਵਿਚ ਹੀਰੋ ਹਾਂਡੇ ਦੀ ਹੀ ਮੰਗ ਕਰਦੇ ਸੀ। ਇਸ ਮੋਟਰ ਸਾਈਕਲ ਨੇ ਹੀਰੋ ਗਰੁਪ ਨੂੰ ਅਤੇ ਹੀਰੋ ਨਾਮ ਨੂੰ ਹੋਰ ਵੀ ਬੁਲੰਦੀਆਂ ਤੇ ਪਹੁੰਚਾ ਦਿੱਤਾ। ਹੀਰੋ ਤੇ ਹਾਂਡਾ ਦੀ ਭਾਈਵਾਲੀ ਕੋਈ ਤਿੰਨ ਦਹਾਕੇ ਦੇ ਕਰੀਬ ਨਿਭਣ ਤੋਂ ਬਾਅਦ ਕੰਪਨੀਆਂ ਦੀ ਆਪਸੀ ਸਹਿਮਤੀ ਨਾਲ 2010 ਵਿਚ ਟੁਟੀ ਅਤੇ ਹੁਣ ਹੀਰੋ ਗੁਰਪ ਦੀ ਕੰਪਨੀ 'ਹੀਰੋ ਕਾਰਪ' ਦੇ ਨਾਮ ਹੇਠ ਆਪਣੇ ਮੋਟਰ ਸਾਈਕਲ ਬਣਾਕੇ ਵੇਚ ਰਹੀ ਹੈ।

### ਇਕ ਸ਼ਾਇਰ ਤੇ ਦਰਦਮੰਦ ਸਨਅਤਕਾਰ

ਓਮ ਪ੍ਰਕਾਸ਼ ਮੁੰਜਾਲ ਨਾ ਸਿਰਫ ਇਕ ਕਾਮਯਾਬ ਸਨਅਤਕਾਰ ਅਤੇ ਕੁਸ਼ਲ ਪ੍ਰਬੰਧਕ ਸੀ ਬਲਿਕ ਇਕ ਉਚ ਪਾਏ ਦਾ ਸ਼ਾਇਰ ਵੀ ਸੀ। ਉਸ ਨੇ ਸ਼ਾਇਰੀ ਦੀ ਇਕ ਬਕਾਇਦਾ ਡਾਇਰੀ ਲਗਾਈ ਹੁੰਦੀ ਜਿਸ ਵਿਚਲੇ ਹਜ਼ਾਰ ਦੇ ਕਰੀਬ ਹਰ ਸਾਲ ਦੇ ਸ਼ੇਅਰ ਬਕਾਇਦਾ ਤੌਰ ਤੇ ਡਾਇਰੀ ਦੇ ਰੂਪ ਵਿਚ ਛਾਪੇ ਜਾਂਦੇ ਅਤੇ ਲੋਕ ਇਸ ਡਾਇਰੀ ਦੀ ਹਰ ਸਾਲ ਉਡੀਕ ਕਰਦੇ, ਜੋ ਸਾਰੇ ਦੇ ਸਾਰੇ ਮੁਲਾਜ਼ਮਾਂ ਨੂੰ ਵੀ ਵੰਡੇ ਜਾਂਦੀ। ਅਕਸਰ ਮੁਸ਼ਾਇਰਿਆਂ ਵਿਚ ਵੀ ਮੁੰਜਾਲ ਸਾਹਿਬ ਹਾਜ਼ਰੀ ਲੁਆਉਂਦੇ ਅਤੇ ਵਪਾਰਕ ਕਾਨਫਰੰਸਾਂ ਵਿਚ ਵੀ ਆਪਣੀ ਸ਼ਾਇਰੀ ਨਾਲ ਸਰੋਤਿਆਂ ਨੂੰ ਨਿਹਾਲ ਕਰਦੇ। ਇਸ ਸ਼ਾਇਰੀ ਕਾਰਣ ਹੀ ਸ਼ਾਇਦ ਓ.ਪੀ. ਦਾ ਸੁਭਾਅ ਕੋਮਲਚਿਤ ਅਤੇ ਦਰਦਮੰਦ ਸੀ। ਇਸੇ ਕਾਰਨ ਹੀ ਉਹ ਆਪਣੇ



ਕਾਮਿਆਂ ਨਾਲ ਅਥਾਹ ਪਿਆਰ ਕਰਦੇ ਅਤੇ ਉਹਨਾਂ ਦੇ ਹਰ ਦੁਖ ਸੁਖ ਵਿਚ ਸ਼ਰੀਕ ਹੁੰਦੇ। ਇਸ ਤਰਾਂ ਦੇ ਅਨੇਕਾਂ ਕਿੱਸੇ ਹਨ ਜਦੋਂ ਉਹਨਾਂ ਨੇ ਆਪਣੇ ਕਾਮਿਆਂ ਦੀ ਨਿਜੀ ਜੇਬ ਵਿਚੋਂ ਲੋੜ ਮੌਕੇ ਮਦਦ ਕੀਤੀ, ਕਈਆਂ ਡੀਲਰਾਂ ਦੇ ਡੁਬਦੇ ਕਾਰੋਬਾਰ ਬਚਾਏ, ਲੋੜ ਪੈਣ ਤੇ ਕਾਰ ਕਿਸੇ ਵਰਕਰ ਦੇ ਬਿਮਾਰ ਬੱਚੇ ਨੂੰ ਹਸਪਤਾਲ ਭੇਜਣ ਲਈ ਦੇ ਕੇ ਆਪ ਸਾਈਕਲ ਦੇ ਘਰ ਚਲ ਪੈਂਦੇ। ਇਤਨਾ ਵਡਾ ਕਾਰੋਬਾਰ ਹੁੰਦਿਆਂ ਹੋਇਆਂ ਵੀ ਸਾਦਾ ਜੀਵਨ ਬਤੀਤ ਕਰਦੇ ਅਤੇ ਅਕਸਰ ਰੇਲ ਦੇ ਤੀਸਰੇ ਡਬੇ ਵਿਚ ਸਫਰ ਕਰਦੇ, ਆਮ ਹੋਟਲਾਂ ਵਿਚ ਠਹਿਰਦੇ ਤੇ ਰਿਕਸ਼ੇ ਤੇ ਜਾ ਕੇ ਡੀਲਰਾਂ ਨੂੰ ਮਿਲਦੇ। ਓਮ ਦੀ ਇਸ ਸਚਾਈ ਦਾ ਪਤਾ ਇਕ ਵਾਰ ਜਦੋਂ ਵਡੇ ਭਰਾ ਬ੍ਰਿਜ ਮੋਹਨ ਨੂੰ ਲਗਿਆ ਤਾਂ ਉਸ ਨੇ ਸਖਤ ਹਦਾਇਤਾਂ ਲੇਖਾਕਾਰਾਂ ਨੂੰ ਦਿਤੀਆਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਜਹਾਜ਼ ਵਿਚ ਸਫਰ ਕਰੇ, ਵਧੀਆ ਹੋਟਲਾਂ ਵਿਚ ਰਹੇ ਅਤੇ ਰਿਕਸ਼ੇ ਦੀ ਬਜਾਏ ਟੈਕਸੀ ਤੇ ਜਾਵੇ। ਪਰ ਓ.ਪੀ. ਨੂੰ ਉਹੀ ਚੰਗਾ ਲਗਦਾ ਸੀ। ਉਸ ਨੇ ਹਮੇਸ਼ਾ ਹੀ ਇਕ ਸਾਦਾ ਜ਼ਿੰਦਗੀ ਬਤੀਤ ਕੀਤੀ ਅਤੇ ਉਸ ਮੁਤਾਬਿਕ ਜੋ ਅਨੰਦ ਅੰਬੈਸਡਰ ਚਲਾ ਕੇ ਆਉਂਦਾ ਸੀ ਉਹ ਜੈਗੂਅਰ ਚਲਾ ਕੇ ਨਹੀਂ ਆਇਆ। ਇੰਜ ਹੀ ਬ੍ਰਿਜਮੋਹਨ ਮੁੰਜਾਲ ਅਤੇ ਓਮ ਪ੍ਰਕਾਸ਼ ਕਈ ਸਾਲ ਇਕੱਠੇ ਨਾਲ ਲਗਦੇ ਸਾਦਾ ਘਰਾਂ ਵਿਚ ਰਹੇ ਅਤੇ ਉਥੇ ਰਹਿੰਦਿਆਂ ਦੋਵੇਂ ਭਰਾ ਬਹੁਤ ਸਾਰੀਆਂ ਯੋਜਨਾਵਾਂ ਸਵੇਰੇ ਆਹਮਣੇ ਸਾਹਮਣੇ ਲਗੇ ਦੋ ਵਾਸ਼ ਬੇਸਿਨਾਂ ਉਤੇ ਸ਼ੇਵ ਕਰਦੇ ਕਰਦੇ ਹੀ ਬਣਾ ਲੈਂਦੇ, ਜਿਸ ਤੇ ਕਿ ਆਮ ਸਨਅਤਕਾਰ ਕਾਨਫਰੰਸ ਕਮਰਿਆਂ ਵਿਚ ਲਖਾਂ ਰੁਪੈ ਖਰਚ ਕਰਦੇ ਹਨ।

ਕਾਮਿਆਂ ਨੂੰ ਉਤਸ਼ਾਹਿਤ ਕਰਨ ਹਿਤ 'ਛੋਟੇ ਬਾਊ ਜੀ' ਦੀ ਇਕ ਵਿਲੱਖਣ ਇਨਾਮੀ ਯੋਜਨਾ ਸੀ ਜਿਸ ਤਹਿਤ ਉਹ ਵਧੀਆਂ ਕੰਮ ਕਰਨ ਵਾਲੇ ਨੂੰ ਦਸ ਰੁਪੈ ਦਾ ਨੋਟ ਇਨਾਮ ਵਜੋਂ ਦਿੰਦੇ ਅਤੇ ਕਾਮੇ ਇਸ ਨੂੰ ਯਾਦਗਾਰ ਵਜੋਂ ਸੰਭਾਲ ਕੇ ਰਖਦੇ। ਇਨਾਮ ਨੂੰ ਮਿਲਣ ਵਾਲੀ ਰਾਸ਼ੀ ਨਾਲ ਜੋੜ ਕੇ ਨਹੀਂ ਵੇਖਿਆ ਜਾਂਦਾ ਬਲਕਿ ਇਸ ਦੀ ਆਪਣੀ ਅਹਿਮੀਅਤ ਹੁੰਦੀ ਹੈ। ਇਸੇ ਲਈ ਹੀ ਸਿਆਣੇ ਕਹਿੰਦੇ ਹੁੰਦੇ ਨੇ ਇਨਾਮ ਦੀ ਤਾਂ ਚਪੇੜ ਹੀ ਬੜੀ ਹੁੰਦੀ ਹੈ। ਇੰਜ ਹੀਰੋ ਸਾਈਕਲ ਦੇ ਕਾਮਿਆਂ ਲਈ ਇਹ ਨੋਟ ਅਤਿ ਵਡਮੁੱਲਾ ਹੁੰਦਾ ਅਤੇ ਉਹ ਇਹਨਾਂ ਨੋਟਾਂ ਨੂੰ ਜੇਤੂ ਟਰਾਫੀਆਂ ਵਾਂਗ ਸੰਭਾਲ ਕੇ ਰਖਦੇ।

### ਪਰਿਵਾਰ ਦੇ ਵਪਾਰ ਦੀ ਵੰਡ

ਆਮ ਤੌਰ ਤੇ ਸਨਅਤੀ ਪਰਿਵਾਰਾਂ ਵਿਚ ਝਗੜੇ ਉਦੋਂ ਪੈਦਾ ਹੁੰਦੇ ਹਨ ਜਦੋਂ ਅਗਲੀ ਪੀੜ੍ਹੀ ਲਈ ਵਪਾਰ ਦੀ ਵੰਡ ਹੁੰਦੀ ਹੈ। ਕਈ ਨਾਮੀ ਗਰਾਮੀ ਸਨਅਤੀ ਘਰਾਣੇ ਇਸ ਵੰਡ ਦੀ ਲੜਾਈ ਦੀ ਭੇਂਟ ਚੜ ਚੁਕੇ ਹਨ। ਪਰ ਜਦੋਂ ਮੁੰਜਾਲ ਪਰਿਵਾਰ ਦੀ ਜਾਇਦਾਦ ਦੀ ਵੰਡ ਦੀ ਗਲ 2007 ਵਿਚ ਚਲੀ ਤਾਂ ਓਮ ਪ੍ਰਕਾਸ਼ ਮੁੰਜਾਲ ਨੇ ਸਭ ਨੂੰ ਕਹਿ ਦਿਤਾ ਕਿ ਇਹ ਸਨਅਤੀ ਕਾਰੋਬਾਰ ਅਸਾਂ ਭਰਾਵਾਂ ਨੇ ਹੀ ਖੜਾ ਕੀਤਾ ਹੈ ਅਤੇ ਅਸੀਂ ਆਪੇ ਹੀ ਇਸ ਦੀ ਵੰਡ ਕਰਾਂਗੇ। ਕੋਈ ਹੋਰ ਛੋਟਾ ਵੱਡਾ ਇਸ ਵਿਚ ਨਹੀਂ ਆਵੇਗਾ ਅਤੇ ਹੋਇਆ ਵੀ ਇੰਜ ਹੀ। ਛੋਟੇ ਬਾਊ ਜੀ ਨੇ ਮੰਗ ਕੇ ਹੀਰੋ ਸਾਈਕਲ ਆਪ ਲੈ ਲਿਆ ਅਤੇ ਬਾਕੀ ਸਭ ਕੁਝ ਦੂਸਰਿਆਂ ਨੂੰ ਦੇ ਦਿਤਾ। ਪਰਿਵਾਰ ਦੇ ਜੀਅ ਅਕਸਰ ਦੱਬੀ ਜ਼ੁਬਾਨ ਵਿਚ ਕਹਿੰਦੇ ਸਨ ਕਿ ਜੋ ਓਮ ਪ੍ਰਕਾਸ਼ ਨੂੰ ਮਿਲਣਾ ਚਾਹੀਦਾ ਸੀ ਉਹ ਨਹੀਂ ਮਿਲਿਆ ਪਰ ਉਹ

ਖੁਸ਼ ਸਨ ਅਤੇ ਹੀਰੋ ਗਰੁਪ ਦੀਆਂ ਬਾਕੀ ਦੀਆਂ 17 ਦੇ ਕਰੀਬ ਕੰਪਨੀਆਂ ਦੇ ਬੋਰਡ ਤੇ ਵੀ ਮੈਂਬਰ ਵਜੋਂ ਸ਼ਾਮਿਲ ਰਹੇ।

**ਪ੍ਰਬੰਧ ਸਟਾਈਲ**

ਓ.ਪੀ. ਮੁੰਜਾਲ ਦਾ ਪ੍ਰਬੰਧ ਦਾ ਸਟਾਈਲ ਵੀ ਨਿਵੇਕਲਾ ਹੀ ਸੀ ਅਤੇ ਉਹ ਹਮੇਸ਼ਾਂ ਆਪਣੇ ਮੁਨਾਫੇ ਵਿਚ ਕਾਮਿਆਂ ਅਤੇ ਡੀਲਰਾਂ ਸਮੇਤ ਸਭ ਨੂੰ ਭਾਈਵਾਲ ਮੰਨਕੇ ਚਲਦਾ ਸੀ। ਇਸ ਲਈ ਓ.ਪੀ. ਨੂੰ ਆਪਣੇ ਸਭ ਕਾਮਿਆਂ ਅਤੇ ਡੀਲਰਾਂ ਦੇ ਨਾਮ ਜੁਬਾਨੀ ਯਾਦ ਸਨ। ਅਨੇਕ ਵਾਰ ਡੀਲਰਾਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਓ.ਪੀ. ਨੇ ਆਪਣੀ ਜੇਬ ਵਿਚੋਂ ਕੀਤੀ।

ਸਾਈਕਲ ਇਕ ਗਰੀਬ ਅਤੇ ਆਮ ਬੰਦੇ ਦੀ ਸਵਾਰੀ ਹੈ ਅਤੇ ਇਸ ਵਿਚ ਵ'ਡੇ ਮੁਨਾਫੇ ਦੀ ਗੁੰਜਾਇਸ਼ ਵੀ ਬਹੁਤ ਹੀ ਘੱਟ ਹੁੰਦੀ ਹੈ। ਇਸ ਲਈ ਮੁਨਾਫਾ ਕਮਾਉਣ ਲਈ ਲਾਗਤਾਂ ਘਟ ਕਰਨੀਆਂ ਹੀ ਸਭ ਤੋਂ ਉਤਮ ਤਰਕੀਬ ਹੈ। ਇਸ ਲਈ ਜਪਾਨ ਦੀ ਤਰਜ ਤੇ ਹੀ ਹੀਰੋ ਸਾਈਕਲ 'ਜਸਟ ਇਨ ਟਾਈਮ', ਭਾਵ ਜਿਸ ਵਕਤ ਮਾਲ ਚਾਹੀਦਾ ਹੈ ਉਸੇ ਵਕਤ ਹੀ ਆਵੇ ਅਤੇ ਜੋ ਸਮਾਨ ਬਣਿਆ ਹੈ ਉਹ ਉਸੇ ਦਿਨ ਹੀ ਭੇਜ ਦਿਤਾ ਜਾਵੇ, ਦੇ ਫਾਰਮੂਲੇ ਤੇ ਕੰਮ ਕਰਦੀ ਸੀ। ਇਸ ਤਹਿਤ ਹੀਰੋ ਸਾਈਕਲ ਵਿਚ ਹਰ ਤਿੰਨ ਘੰਟੇ ਬਾਅਦ ਸਮਾਨ ਆਉਂਦਾ ਸੀ ਅਤੇ ਸ਼ਾਮ ਨੂੰ ਜਿੰਨੇ ਸਾਈਕਲ ਬਣਦੇ ਸਨ ਉਸੇ ਦਿਨ ਹੀ ਗਡੀਆਂ ਵਿਚ ਲੱਦ ਕੇ ਡੀਲਰਾਂ ਨੂੰ ਭੇਜ ਦਿਤੇ ਜਾਂਦੇ ਸਨ। ਇੰਜ ਆਉਣ ਵਾਲੇ ਮਾਲ ਅਤੇ ਭੇਜੇ ਜਾਣ ਵਾਲੇ ਮਾਲ ਦੋਹਾਂ ਦਾ ਹੀ ਗੁਦਾਮਾਂ ਵਿਚ ਰਖਣ ਦਾ ਖਰਚ ਬਚ ਜਾਂਦਾ ਸੀ। ਇਸ ਤਰਾਂ ਹੀ ਹੀਰੋ ਸਾਈਕਲ ਆਮ ਲੋਕਾਂ ਨੂੰ ਉਹਨਾਂ ਦੀ ਸਵਾਰੀ ਸਾਈਕਲ ਸਭ ਤੋਂ ਸਸਤੇ ਭਾਅ ਵਿਚ ਦੇ ਸਕਣ ਦੇ ਸਮਰਥ ਸੀ।

ਇਕ ਲਫਜ਼ 'ਗਤੀ' ਹੀਰੋ ਸਾਈਕਲ ਦੀ ਹਰੇਕ ਦੀਵਾਰ ਤੇ ਲਿਖਿਆ ਹੋਇਆ ਹੈ ਅਤੇ ਹਰ ਵਿਅਕਤੀ ਇਸ ਗਤੀ ਅਧੀਨ ਹੀ ਗਤੀਸ਼ੀਲ ਰਹਿੰਦਾ ਹੈ। ਖੜੋਤ ਲਈ ਇਸ ਵਿਚ ਕੋਈ ਥਾਂ ਨਹੀਂ ਸੀ। ਓ.ਪੀ. ਦਾ ਮੰਨਣਾ ਸੀ ਕਿ ਜੇਕਰ ਤੁਸੀਂ ਅੱਗੇ ਨਹੀਂ ਵਧ ਰਹੇ ਤਾਂ ਫਿਰ ਤੁਸੀਂ ਪਿੱਛੇ ਨੂੰ ਜਾ ਰਹੇ ਹੋ ਜਾਂ ਫਿਰ ਖਤਮ ਹੋ ਰਹੇ ਹੋ। ਉਹ ਸਮਸਿਆ ਦਾ ਹੈ ਲਭਣ ਵਿਚ ਵੀ ਮਾਹਿਰ ਸੀ। ਇਕ ਵਾਰ ਜਦੋਂ ਸਾਰੇ ਦੇਸ਼ ਵਿਚ ਹੀ ਟਰੱਕਾਂ ਦੀ ਹੜਤਾਲ ਹੋ ਗਈ ਤਾਂ ਮਾਲ ਪਹੁੰਚਾਣਾ ਮੁਸ਼ਕਿਲ ਹੋ ਗਿਆ। ਓ.ਪੀ. ਨੇ ਕਿਹਾ ਟਰੱਕਾਂ ਦੀ ਹੜਤਾਲ ਹੈ ਬੱਸਾਂ ਤਾਂ ਚਲ ਰਹੀਆਂ ਨੇ ਨਾ। ਇਸ ਲਈ ਮਾਲ ਬੱਸਾਂ ਵਿਚ ਭੇਜ ਦਿਓ। ਫਿਰ ਇੰਜ ਹੀ ਹੋਇਆ ਤੇ ਮਾਲ ਆਪਣੇ ਟਿਕਾਣੇ ਪਹੁੰਚ ਗਿਆ। ਇਕ ਵਾਰ ਜਦੋਂ ਸਾਰੇ ਪੰਜਾਬ ਵਿਚ ਕਾਮਿਆਂ ਦੀ ਹੜਤਾਲ ਸੀ ਤਾਂ ਮੈਨੇਜਰ ਨੇ ਕਿਹਾ ਕਿ ਸਾਰੇ ਹੜਤਾਲ ਹੈ ਇਸ ਲਈ ਕਾਮੇ ਡਰਦੇ ਕੰਮ ਕਰਨ ਲਈ ਨਹੀਂ ਆ ਰਹੇ। ਓ. ਪੀ. ਨੇ ਕਿਹਾ ਕਿ ਠੀਕ ਹੈ ਇਹ ਹੜਤਾਲ ਤੇ ਹਨ, ਮੈਂ ਤਾਂ ਨਹੀਂ। ਮੇਰੇ ਕੋਲੋਂ ਜਿੰਨੇ ਸਾਈਕਲ ਬਣਾ ਹੋਣਗੇ ਮੈਂ ਬਣਾਵਾਂਗਾ। ਤੇ ਇੰਜ ਇਕਲਿਆਂ ਹੀ ਵਰਕਸ਼ਾਪ ਵਿਚ ਕੰਮ ਸ਼ੁਰੂ ਕਰ ਦਿਤਾ। ਵੇਖੋ ਵੇਖੀ ਮਗਰਲੇ ਦਰਵਾਜੇ ਵਿਚਦੀ ਕਾਮੇ ਵੀ ਆਕੇ ਕੰਮ ਤੇ ਲਗ ਗਏ ਅਤੇ ਬਾਹਰੋਂ ਬੰਦ ਫੈਕਟਰੀ ਵਿਚ ਤਾਲੇ ਲਗੇ ਹੋਣ ਦੇ ਬਾਵਜੂਦ ਵੀ ਅੰਦਰ ਕੰਮ ਚਲਦਾ ਰਿਹਾ।



ਓਮ ਪ੍ਰਕਾਸ਼ ਮੁੰਜਾਲ ਨੇ ਕਦੇ ਵੀ ਆਪਣੇ ਵਪਾਰਕ ਵਿਰੋਧੀਆਂ ਨੂੰ ਦੁਸ਼ਮਨ ਨਹੀਂ ਸਮਝਿਆ ਅਤੇ ਉਹਨਾਂ ਨਾਲ ਦੋਸਤਾਨਾ ਸਬੰਧ ਬਣਾਕੇ ਰਖੇ। ਮਿਸਾਲ ਦੇ ਤੌਰ ਤੇ ਏਵਨ ਸਾਈਕਲ ਦੇ ਓਂਕਾਰ ਸਿੰਘ ਪਾਹਵਾ ਉਹਨਾਂ ਦੇ ਨਿਜੀ ਦੋਸਤ ਰਹੇ ਅਤੇ ਹਮੇਸ਼ਾਂ ਵਪਾਰਕ ਕਾਨਫਰੰਸਾਂ ਤੇ ਉਸ ਨੂੰ ਨਾਲ ਲੈਕੇ ਜਾਂਦੇ ਰਹੇ। ਇੰਜ ਹੀ ਆਪਣੇ ਕਈ ਮੁਕਾਬਲੇ ਵਾਲੇ ਸਨਅਤਕਾਰਾਂ ਅਤੇ ਵਪਾਰੀਆਂ ਦੇ ਬੱਚਿਆਂ ਨੂੰ ਵੀ ਓ.ਪੀ. ਨੇ ਵਪਾਰ ਦੇ ਗੁਰ ਸਿਖਾਏ। ਇਸ ਕਿਸਮ ਦੇ ਸੁਭਾ ਵਾਲੇ ਸਨਅਤਕਾਰ ਅਜ ਦੇ ਯੁਗ ਵਿਚ ਲੱਭਣੇ ਮੁਸ਼ਕਿਲ ਹਨ।

ਸਨਅਤ ਅਤੇ ਵਪਾਰ ਦੇ ਨਾਲ ਨਾਲ ਓ.ਪੀ. ਨੇ ਅਨੇਕਾਂ ਸਕੂਲ, ਕਾਲਜ ਅਤੇ ਹਸਪਤਾਲ ਵੀ ਖੋਹਲੇ ਜਿਨਾਂ ਵਿਚ ਅਤਿ ਆਧੁਨਿਕ ਦਯਾਨੰਦ ਹਸਪਤਾਲ ਅਤੇ ਮੈਡੀਕਲ ਕਾਲਜ ਵੀ ਸ਼ਾਮਿਲ ਹੈ। ਉਹ ਇਕ ਦੇਸ਼ ਭਗਤ ਵੀ ਸੀ ਅਤੇ ਦੇਸ਼ ਭਗਤਾਂ ਦਾ ਸਨਮਾਨ ਵੀ ਕਰਦਾ ਸੀ। 1976 ਵਿਚ ਲਾਇਨ ਕਲੱਬ ਦਾ ਪ੍ਰਧਾਨ ਹੁੰਦਿਆਂ ਉਸ ਨੇ ਸ਼ਹੀਦ ਭਗਤ ਸਿੰਘ ਦੀ ਮਾਤਾ ਸ੍ਰੀਮਤੀ ਵਿਦਿਆਵਤੀ ਦਾ ਸਨਮਾਨ ਕੀਤਾ ਜਿਸ ਤੋਂ ਸੇਧ ਲੈਕੇ ਫਿਰ ਪੰਜਾਬ ਸਰਕਾਰ ਅਤੇ ਮਗਰੋਂ ਭਾਰਤ ਸਰਕਾਰ ਨੇ ਉਹਨਾਂ ਨੂੰ ਬਣਦਾ ਮਾਣ ਤਾਨ ਦਿਤਾ।

ਹੀਰੋ ਸਾਈਕਲ ਅਤੇ ਓਮ ਪ੍ਰਕਾਸ਼ ਮੁੰਜਾਲ ਨੂੰ ਓਹਨਾਂ ਦੇ ਕੰਮ ਦੇ ਬਦਲੇ ਅਨੇਕ ਇਨਾਮ ਸਨਮਾਨ ਵੀ ਮਿਲੇ ਜਿਹਨਾਂ ਦੀ ਗਿਣਤੀ ਬਹੁਤ ਹੀ ਜਿਆਦਾ ਹੈ। ਇਹਨਾਂ ਵਿਚ ਪੰਜਾਬ ਸਰਕਾਰ ਵਲੋਂ ਉਦਯੋਗ ਰਤਨ, ਪੰਜਾਬ ਰਤਨ, ਉਦਯੋਗ ਪਾਤਰ ਅਤੇ ਭਾਰਤ ਸਰਕਾਰ ਵਲੋਂ ਭਾਰਤ ਰਤਨ ਆਦਿ ਸ਼ਾਮਿਲ ਹਨ।

ਦੇਸ਼ ਨੂੰ ਸਭ ਤੋਂ ਵਧ ਟੈਕਸ ਦੇਣ ਵਾਲਿਆਂ ਵਿਚੋਂ ਇਕ, ਪੰਜਾਬ ਵਿਚ ਸਭ ਤੋਂ ਵਧ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਪੰਜਾਬ ਰਾਜ ਦੇ ਖਜ਼ਾਨੇ ਵਿਚ ਭਰਪੂਰ ਯੋਗਦਾਨ ਪਾਉਣ ਵਾਲੀ ਹੀਰੋ ਸਾਈਕਲ ਰੂਪੀ ਸੰਸਥਾ ਖੜੀ ਕਰਨ ਵਾਲੇ ਓਮ ਪ੍ਰਕਾਸ਼ ਮੁੰਜਾਲ ਅਜ ਸਾਡੇ ਵਿਚਕਾਰ ਨਹੀਂ ਰਹੇ। ਪਰ ਉਹਨਾਂ ਤੋਂ ਸੇਧ ਲੈਕੇ ਅਤੇ ਉਸ ਪ੍ਰਕਾਰ ਦੇ ਉਦਮੀ ਪੈਦਾ ਕਰਨ ਦੀ ਅੱਜ ਸਖਤ ਲੋੜ ਹੈ। ਓ.ਪੀ. ਨੇ ਇਕ ਵਾਰ ਕਿਹਾ ਸੀ, 'ਭਾਵੇਂ ਮੇਰੇ ਕੋਲ ਦਿਖਾਉਣ ਲਈ ਡਿਗਰੀਆਂ ਨਹੀਂ ਪਰ ਸਿਖਣ ਲਈ ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੀ ਲੋੜ ਨਹੀਂ ਹੁੰਦੀ। ਇਹ ਦੁਨੀਆ ਸਭ ਤੋਂ ਵਡੀ ਪਾਠਸ਼ਾਲਾ ਹੈ ਅਤੇ ਜ਼ਿੰਦਗੀ ਸਭ ਤੋਂ ਵੱਡਾ ਅਧਿਆਪਕ। ਮੈਂ ਸਭ ਕੁਝ ਇਸ ਤੋਂ ਹੀ ਸਿੱਖਿਆ ਹੈ ਅਤੇ ਇਸ ਤੋਂ ਸਿਖਣ ਵਾਲੇ ਕਦੇ ਵੀ ਨਾ-ਕਾਮਯਾਬ ਨਹੀਂ ਹੁੰਦੇ"। ਸਾਡੇ ਇਸ ਹੀਰੋ ਨੇ ਵੀ ਅਨੇਕਾਂ ਸਬਕ ਇਸੇ ਦੁਨੀਆਂ ਤੋਂ ਲੈ ਕੇ ਹੀ ਐਡਾ ਵਡਾ ਸਨਅਤੀ ਸਾਮਰਾਜ ਖੜਾ ਕੀਤਾ ਨਾ ਕਿ ਕਿਸੇ ਭੀ. ਸਕੂਲ ਤੋਂ ਕੋਈ ਡਿਗਰੀ ਹਾਸਿਲ ਕਰਕੇ। ਅੱਜ ਦੇ ਸਮੇਂ ਵਿਚ ਬਿਜ਼ਨਸ ਅਤੇ ਵਪਾਰ ਦੇ ਖੇਤਰ ਵਿਚ ਉਦਮੀਆਂ ਨੂੰ ਓਮ ਪ੍ਰਕਾਸ਼ ਮੁੰਜਾਲ ਦੀ ਜਿੰਦਗੀ ਅਤੇ ਕੰਮ ਤੋਂ ਸੇਧ ਲੈਣ ਦੀ ਜ਼ਰੂਰਤ ਹੈ।

ਡਾ. ਬਿਕਰਮ ਸਿੰਘ ਵਿਰਕ,
ਪ੍ਰੋਫੈਸਰ, ਪੋਸਟ ਗ੍ਰੈਜੂਏਟ ਕਾਮਰਸ ਵਿਭਾਗ,
ਸਰਕਾਰੀ ਕਾਲਜ, ਕਪੂਰਥਲਾ।
ਈ-ਮੇਲ: bsvirk97@gmail.com

*100 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ*

# ਆਜ਼ਾਦੀ ਦੇ ਸੰਘਰਸ਼ ਵਿੱਚ ਅੱਜ ਤੱਕ ਅਣਗੌਲੇ ਫੌਜੀ ਸੂਰਬੀਰਾਂ ਦੀ ਗਾਥਾ

*ਕੰਵਲਬੀਰ ਸਿੰਘ ਪੰਨੂੰ*

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਗ਼ਦਰ ਲਹਿਰ ਦੇ ਸੰਗਰਾਮ ਵਿੱਚ ਫੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਜਿਹੜੇ ਫੌਜੀ ਇਸ ਲਹਿਰ ਵਿੱਚ ਸ਼ਾਮਲ ਹੋਏ ਉਨ੍ਹਾਂ ਵਿੱਚੋਂ ਸੈਂਕੜੇ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉੜਾਏ ਗਏ ਅਤੇ 60 ਨੂੰ ਫਾਂਸੀ ਦਿੱਤੀ ਗਈ। 190 ਤੋਂ ਵੱਧ ਫੌਜੀਆਂ ਨੂੰ ਉਮਰ ਕੈਦ ਜਲਾਵਤਨੀ ਤੇ ਜਾਇਦਾਦ ਜਬਤੀ ਦੀ ਸਜ਼ਾ ਦਿੱਤੀ ਗਈ। ਕਈਆਂ ਨੂੰ ਫੌਜ ਵਿੱਚੋਂ ਕੱਢ ਦਿੱਤਾ ਗਿਆ। ਇਸ ਲੇਖ ਵਿੱਚ ਅਸੀਂ ਮੀਆਂ ਮੀਰ ਛਾਉਣੀ ਲਾਹੌਰ ਵਿੱਚ 23 ਰਸਾਲੇ ਦੇ ਬਹਾਦਰ ਫੌਜੀ ਯੋਧਿਆਂ ਦੀ ਵੀਰ ਗਾਥਾ ਨੂੰ ਸੰਖੇਪ ਵਿੱਚ ਬਿਆਨ ਕਰਨ ਜਾ ਰਹੇ ਹਾਂ।

1912-13 ਵਿੱਚ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਜਿਨ੍ਹਾਂ ਵਿੱਚ ਬਹੁ ਗਿਣਤੀ ਪੰਜਾਬੀਆਂ ਦੀ ਸੀ ਉਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਦੀ ਸਥਾਪਨੀ ਕੀਤੀ। ਪਹਿਲਾ ਵਿਸ਼ਵ ਯੁੱਧ ਜੁਲਾਈ 1914 ਵਿੱਚ ਸ਼ੁਰੂ ਹੋਇਆ ਤਾਂ ਗਦਰ ਪਾਰਟੀ ਦੇ ਨੇਤਾਵਾਂ ਨੇ ਇਹ ਮੌਕਾ ਭਾਰਤ ਵਿੱਚ ਅੰਗਰੇਜ਼ਾਂ ਨੂੰ ਕੱਢਣ ਲਈ ਢੁਕਵਾਂ ਜਾਣਿਆ ਕਿਉਂਕਿ ਅੰਗਰੇਜ਼ ਵੀ ਇਸ ਯੁੱਧ ਵਿੱਚ ਸ਼ਾਮਲ ਸਨ। ਗਦਰ ਪਾਰਟੀ ਦੇ ਮੈਂਬਰ ਵੱਖ-ਵੱਖ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਪੁੱਜਣੇ ਸ਼ੁਰੂ ਹੋਏ। ਜਿਨ੍ਹਾਂ ਵਿੱਚ ਪ੍ਰਮੁੱਖ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਸਰਦਾਰ ਕਰਤਾਰ ਸਿੰਘ ਸਰਾਭਾ, ਬਾਬਾ ਵਸਾਖਾ ਸਿੰਘ ਦਦੇਹਰ ਸਾਹਿਬ, ਬਾਬਾ ਕੇਸਰ ਸਿੰਘ ਕਰਤਾਰ ਸਿੰਘ ਠੱਠਗੜ੍ਹ, ਬਾਬਾ ਜਿੰਦਰ ਸਿੰਘ ਚੌਧਰੀ ਵਾਲਾ ਆਦਿ ਸੈਂਕੜੇ ਇਨਕਲਾਬੀ ਸ਼ਾਮਲ ਸਨ।20 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਬਾਬਾ ਗੁਰਦਿੱਤਾ ਸਿੰਘ ਸਰਹਾਲੀ ਦੀ ਅਗਵਾਈ ਹੇਠ ਕਲਕੱਤੇ ਪੁੱਜਾ ਤਾਂ ਅੰਗਰੇਜ਼ੀ ਹਕੂਮਤ ਨੇ ਗੋਲੀ ਚਲਾ ਕੇ 18 ਮੁਸਾਫਿਰ ਮਾਰ ਦਿੱਤੇ। ਬਾਹਰੋਂ ਆਏ ਬਹੁਤ ਸਾਰੇ ਇਨਕਲਾਬੀਆਂ ਨੂੰ ਜੇਲ੍ਹਾਂ ਜਾਂ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ। ਬਾਕੀ ਬਚੇ ਗਦਰੀ ਯੋਧਿਆਂ ਨੇ ਲਹਿਰ ਨੂੰ ਜਥੇਬੰਦ ਕਰਕੇ ਵੱਖ-ਵੱਖ ਥਾਵਾਂ ਤੇ ਗਦਰ ਅੱਡੇ ਸਥਾਪਿਤ ਕੀਤੇ। ਪੰਜਾਬ ਦੇ ਮਾਝੇ ਖੇਤਰ ਵਿੱਚ ਦਦੇਹਰ ਸਾਹਿਬ, ਝਾੜ ਸਾਹਿਬ, ਸਰਹਾਲੀ, ਸੁਰਸਿੰਘ ਪ੍ਰਮੁੱਖ ਗਦਰੀ ਅੱਡੇ ਸਨ।

ਇਸ ਸਮੇਂ ਦੌਰਾਨ ਲਾਹੌਰ ਦੀ ਮੀਆਂਮੀਰ ਛਾਉਣੀ ਵਿਚਲੀ ਰੈਜ਼ੀਮੈਂਟ ਦੇ 23ਵੇਂ ਰਸਾਲੇ ਦੇ ਫੌਜੀਆਂ ਦਾ ਸੰਪਰਕ ਗਦਰ ਪਾਰਟੀ ਨਾਲ ਬਣ ਗਿਆ। 23ਵੇਂ ਰਸਾਲੇ ਵਿੱਚ ਬਹੁ ਗਿਣਤੀ ਮਾਝੇ ਦੇ ਫੌਜੀ ਸਵਾਰਾਂ ਦੀ ਸੀ । ਨਵੰਬਰ 1914 ਦੇ ਸ਼ੁਰੂ ਵਿੱਚ ਇਸ ਰਸਾਲੇ ਦਾ ਸਵਾਰ ਸੁੱਚਾ ਸਿੰਘ ਚੋਹਲਾ ਸਾਹਿਬ ਕੁੱਝ ਦਿਨ ਦੀ ਛੁੱਟੀ ਕੱਟ ਕੇ ਵਾਪਸ ਆਇਆ ਤਾਂ ਉਸ ਨੇ ਸਾਥੀਆਂ ਨੂੰ ਬਾਹਰੋਂ ਆਏ ਗਦਰੀ ਇਨਕਲਾਬੀਆਂ ਦੀਆਂ ਗਤੀਵਿਧੀਆਂ ਬਾਰੇ ਦੱਸਿਆ ਕਿ ਉਹ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਦੀਆਂ ਸਕੀਮਾਂ ਬਣਾ ਰਹੇ ਹਨ। ਉਨ੍ਹਾਂ ਦੀ ਇੱਕ ਯੋਜਨਾ ਲਾਹੌਰ ਤੇ



ਕਬਜ਼ਾ ਕਰਨ ਦੀ ਹੈ। ਇਸ ਕੰਮ ਲਈ ਉਹ ਸਿੱਖ ਰੈਜ਼ੀਮੈਂਟ ਦੀ ਮਦਦ ਚਾਹੁੰਦੇ ਹਨ। ਇਹ ਸੁਣਕੇ ਲਾਂਸ ਦਫੇਦਾਰ ਲਛਮਣ ਸਿੰਘ ਚੂਸਲੇਵੜ, ਮਹਾਰਾਜ ਸਿੰਘ ਕਸੇਲ ਅਤੇ ਸੁਰੈਣ ਸਿੰਘ ਗਦਰੀਆਂ ਦੀ ਸਹਾਇਤਾ ਲਈ ਸਹਿਮਤ ਹੋ ਗਏ। ਦੋ ਦਿਨਾਂ ਬਾਅਦ ਲਛਮਣ ਸਿੰਘ ਚੂਸਲੇਵੜ ਦੀ ਅਗਵਾਈ ਹੇਠ ਇਹਨਾਂ ਫੌਜੀਆਂ ਦੀ ਮੀਟਿੰਗ ਹੋਈ ਜਿਸ ਵਿਚ ਗੰਢਾ ਸਿੰਘ ਦਫੇਦਾਰ (ਟਰੂਪ-1) ਵੀ ਸ਼ਾਮਲ ਹੋਏ ਤੇ ਫੈਸਲਾ ਹੋਇਆ ਕਿ ਗੰਢਾ ਸਿੰਘ ਦਫੇਦਾਰ ਜੋ ਦੋ ਦਿਨ ਦੀ ਛੁੱਟੀ ਜਾ ਰਿਹਾ ਹੈ ਬਾਹਰੋਂ ਆਏ ਗ਼ਦਰੀਆਂ ਨਾਲ ਸੰਪਰਕ ਕਰਕੇ ਆਪਸੀ ਮਿਲਵਰਤਣ ਸੰਬੰਧੀ ਗੱਲਬਾਤ ਕਰਕੇ ਆਵੇਗਾ।

ਗੰਢਾ ਸਿੰਘ ਦਫੇਦਾਰ ਦੀ ਵਾਪਸੀ ਤੋਂ ਕੁਝ ਦਿਨਾਂ ਬਾਅਦ ਦੁਪਹਿਰ ਇਕ ਵਜੇ ਸ਼ਮਸ਼ਾਨ ਘਾਟ ਵਿੱਚ ਇਹਨਾਂ ਫੌਜੀਆਂ ਨੇ ਦੁਬਾਰਾ ਮੀਟਿੰਗ ਕੀਤੀ। ਜਿਸ ਵਿਚ ਕੇਸਰ ਸਿੰਘ ਅਤੇ ਇੰਦਰ ਸਿੰਘ ਸ਼ਬਾਜਪੁਰ ਵੀ ਸ਼ਾਮਲ ਹੋਏ। ਗੰਢਾ ਸਿੰਘ ਦਫੇਦਾਰ ਨੇ ਦੱਸਿਆ ਕਿ ਸਾਡੇ ਨਾਲ ਸੰਪਰਕ ਕਰਨ ਲਈ ਛੇਤੀ ਹੀ ਗਦਰ ਪਾਰਟੀ ਦਾ ਏਜੰਟ ਆਵੇਗਾ। ਸੁੱਚਾ ਸਿੰਘ ਚੋਹਲਾ ਸਾਹਿਬ ਛੁੱਟੀ ਪਿੰਡ ਗਿਆ ਤੇ ਖ਼ਬਰ ਲਿਆਇਆ ਕਿ 17 ਨਵੰਬਰ ਗਦਰ ਹੋਵੇਗਾ। ਛੇਤੀ ਹੀ ਇੱਕ ਗਦਰੀ ਪਰੇਮ ਸਿੰਘ ਸੁਰਸਿੰਘ ਛਾਉਣੀ ਆਇਆ ਅਤੇ ਇਹਨਾਂ ਇਨਕਲਾਬੀਆਂ ਨੂੰ ਦੱਸਿਆ ਕਿ ਛੇਤੀ ਬਾਹਰੋਂ ਆਏ ਬਹੁਤ ਸਾਰੇ ਗਦਰੀ ਝਾੜ ਸਾਹਿਬ ਨੇੜੇ ਸ਼ਬਾਜਪੁਰ ਇਕੱਠੇ ਹੋਣਗੇ ਅਤੇ ਦੋ ਪਾਰਟੀਆਂ ਬਣਾ ਕੇ ਲਾਹੌਰ ਤੇ ਤਰਨਤਾਰਨ ਹਮਲਾ ਕਰਨਗੇ। ਗੰਢਾ ਸਿੰਘ ਨੇ ਢੋਟੀਆਂ ਦੇ ਅਬਦੁੱਲਾ ਨਾਹਲਬੰਦ, ਬੁੱਧ ਸਿੰਘ, ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ, ਪਿੰਡ ਰੂੜੀਵਾਲਾ ਦੇ ਭਾਗ ਸਿੰਘ, ਮੌਤਾ ਸਿੰਘ, ਤਾਰਾ ਸਿੰਘ ਤੇ ਦਫੇਦਾਰ ਵਧਾਵਾ ਸਿੰਘ ਆਦਿ ਨੂੰ ਵੀ ਗਦਰ ਸੰਬੰਧੀ ਸਹਿਮਤ ਕਰ ਲਿਆ।

ਪ੍ਰੇਮ ਸਿੰਘ ਦੋ ਸਾਥੀਆਂ ਨਾਲ ਦੁਬਾਰਾ ਫਿਰ ਲਾਹੌਰ ਛਾਉਣੀ ਆਇਆ ਅਤੇ ਲਾਹੌਰ ਉੱਤੇ ਹਮਲੇ ਦੀ ਨਵੀਂ ਤਾਰੀਖ 23 ਨਵੰਬਰ ਦੱਸੀ। ਦਫੇਦਾਰ ਲਛਮਣ ਸਿੰਘ ਨੇ ਗਦਰ ਦੀ ਤਿਆਰੀ ਸੰਬੰਧੀ ਰਾਈਫਲ ਰੇਂਜ ਵਿਚ ਸਾਥੀਆਂ ਨਾਲ ਮੀਟਿੰਗ ਕਰਕੇ ਸਲਾਹ ਕੀਤੀ। 23 ਨਵੰਬਰ ਨੂੰ ਦੁਪਹਿਰ ਵੇਲੇ ਸੁੱਚਾ ਸਿੰਘ ਚੋਹਲਾ ਸਾਹਿਬ ਪਿੰਡੋਂ ਚੱਤਟੀ ਕੱਟਕੇ ਵਾਪਿਸ ਛਾਉਣੀ ਆਇਆ ਤਾਂ ਉਸ ਨੇ ਦੱਸਿਆ ਕਿ ਗਦਰੀ ਹਮਲੇ ਦੀ ਮਿਤੀ ਬਦਲ ਕੇ 27 ਨਵੰਬਰ ਹੋ ਗਈ ਹੈ। 27 ਨਵੰਬਰ 1914 ਨੂੰ ਰਾਤ 10 ਵਜੇ ਗੰਡਾ ਸਿੰਘ ਦੇ ਕੁਆਟਰ ਵਿਖੇ ਇਨਕਲਾਬੀ ਫੌਜੀ ਇਕੱਠੇ ਹੋਏ ਅਤੇ ਝਾੜ ਸਾਹਿਬ ਨੂੰ ਜਾਣ ਦੀ ਤਿਆਰੀਆਂ ਕਰ ਰਹੇ ਸਨ, ਅਚਾਨਕ ਮੂਲ ਸਿੰਘ ਗ੍ਰੰਥੀ ਨੇ ਆ ਕੇ ਫੌਜੀ ਸਵਾਰਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ "ਗਦਰ ਦੀ ਕਾਮਯਾਬੀ ਦੀ ਆਸ ਤੋਂ ਕੋਈ ਵੀ ਨਹੀਂ, ਐਂਵੇ ਬਦੋ-ਬਦੀ ਖਤਰਾ ਮੁੱਲ ਕਿਉਂ ਲੈਂਦੇ ਹੋ।" ਪਰ ਫਿਰ ਵੀ ਸੁੱਚਾ ਸਿੰਘ, ਸੁਰੈਣ ਸਿੰਘ, ਮਹਿਰਾਜ ਸਿੰਘ ਅਤੇ ਚੰਨਣ ਸਿੰਘ ਗ੍ਰੰਥੀ ਦੀ ਗੱਲ ਨੂੰ ਅਣਸੁਣੀ ਕਰਕੇ ਫੌਜੀ ਛਾਉਣੀ ਛੱਡ ਗਏ। ਉਹਨਾਂ ਨੇ ਸਰਹਾਲੀ, ਦਦੇਹਰ, ਤਰਨ ਤਾਰਨ ਆਦਿ ਗਦਰੀ ਕੇਂਦਰਾਂ ਤੇ ਗਦਰੀਆਂ ਦੀ ਤਲਾਸ਼ ਕੀਤੀ ਅਤੇ ਅੰਤ ਉਹ ਝਾੜ ਸਾਹਿਬ ਪੁੱਜ ਗਏ ਜਿੱਥੋਂ ਚੰਨਣ ਸਿੰਘ ਅਗਲੀ ਸਵੇਰ ਵਾਪਿਸ ਲਾਹੌਰ ਆ ਕੇ ਰਸਾਲੇ ਵਿੱਚ ਹਾਜ਼ਿਰ ਹੋ ਗਿਆ। ਬਾਕੀ ਤਿੰਨਾਂ ਨੂੰ ਇੱਕ ਦਸੰਬਰ ਨੂੰ ਗਸਤ ਕਰਦੀ ਪੁਲਿਸ ਨੇ ਫੜ ਕੇ ਫੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਅਤੇ ਪੁੱਛਗਿੱਛ ਕੀਤੀ ਪਰ ਉਹਨਾਂ ਨੇ ਕੁਝ ਵੀ ਨਹੀਂ

ਦੱਸਿਆ। ਵਿਸ਼ਵ ਜੰਗ ਦੇ ਕਾਰਨ ਉਹਨਾਂ ਨੂੰ ਗੈਰਹਾਜ਼ਿਰ ਹੋਣ ਕਾਰਨ 2-2 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ।

ਦਸੰਬਰ 1914 ਤੋਂ ਲੈ ਕੇ ਅਪ੍ਰੈਲ 1915 ਤੱਕ 23ਵੇਂ ਰਸਾਲੇ ਦੇ ਇਹ ਫੌਜੀ ਗਦਰ ਸੰਬੰਧੀ ਸਲਾਹਾਂ ਕਰਦੇ ਰਹੇ। ਉਹਨਾਂ ਦਾ ਸੰਪਰਕ ਗਦਰ ਲੀਡਰਸ਼ਿਪ ਨਾਲ ਬਣਿਆ ਰਿਹਾ। 19 ਨਵੰਬਰ ਦੇ ਗਦਰ ਵਿੱਚ ਵੀ ਉਹਨਾਂ ਨੇ ਪੂਰੀ ਭੂਮਿਕਾ ਨਿਭਾਉਣੀ ਸੀ ਜੇਕਰ ਇਹ ਗਦਾਰਾਂ ਕਾਰਨ ਫੇਲ ਨਾ ਹੁੰਦਾ। ਪਰੇਮ ਸਿੰਘ ਸੁਰ ਸਿੰਘ ਦੇ ਰਾਹੀਂ ਹੀਰਾ ਸਿੰਘ ਚਰੜ ਕੋਲੋਂ ਉਹਨਾਂ ਨੇ ਦੇਸੀ ਬੰਬ ਬਣਾਉਣੇ ਸਿੱਖ ਲਏ। ਉਹਨਾਂ ਵੱਲੋਂ 19 ਫਰਵਰੀ ਦੇ ਗਦਰ ਨੂੰ ਫੇਲ ਕਰਨ ਵਾਲੇ ਦੋਸ਼ੀ ਗਦਰ ਕਿਰਪਾਲ ਸਿੰਘ ਤੇ ਬੇਲਾ ਸਿੰਘ ਜੈਲਦਾਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਰੈਜੀਮੈਂਟ ਦੇ ਅੰਗਰੇਜ਼ੀ ਅਫਸਰਾਂ ਨੂੰ ਬੰਬ ਨਾਲ ਉਡਾਉਣ ਦੀ ਸਕੀਮ ਬਣਾਈ ਪਰ ਉਹ ਕਾਮਯਾਬ ਨਾ ਸਕੇ। ਫਰਵਰੀ 14 ਉਹਨਾਂ ਨੇ ਟੈਲੀਗਰਾਮ ਤਾਰਾਂ ਨੂੰ ਕੱਟ ਕੇ ਅੰਗਰੇਜ਼ੀ ਸੰਚਾਰ ਪ੍ਰਬੰਧ ਨੂੰ ਰੋਕ ਦਿੱਤਾ। ਵਿਸ਼ਵ ਯੁੱਧ ਚੱਲਦਾ ਹੋਣ ਕਾਰਨ ਸਰਕਾਰ ਨੇ ਅਪ੍ਰੈਲ ਮਹੀਨੇ 23ਵੇਂ ਰਸਾਲੇ ਦੇ ਜਵਾਨਾਂ ਨੂੰ ਵੀ ਬਸਰੇ ਜੰਗ ਦੇ ਮੋਰਚੇ ਵਿੱਚ ਭੇਜ ਦਿੱਤਾ। ਡੀਪੂ ਵਿੱਚ ਪਿਛਲੇ ਰਸਾਲੇ ਦੇ ਦੋ ਸਵਾਰ ਪੂਰਨ ਸਿੰਘ ਅਤੇ ਵਸਾਵਾ ਸਿੰਘ ਹੀ ਰਹਿ ਗਏ। ਉਹਨਾਂ ਦੀ ਰੈਜੀਮੈਂਟ ਡੀਪੂ ਨੂੰ ਵੀ ਨੌਂਗਾਉਂ ਯੂ.ਪੀ. ਛਾਉਣੀ ਬਦਲ ਦਿੱਤਾ, ਜੋ ਹਰਪਾਲਪੁਰ ਦੇ ਰੇਲਵੇ ਸਟੇਸ਼ਨ ਤੋਂ ਕੁਝ ਦੂਰ ਸੀ। 13 ਮਈ, 1915 ਨੂੰ ਹਰਪਾਲਪੁਰ ਸਟੇਸ਼ਨ ਤੇ ਮੀਆਂ ਮੀਰ ਛਾਉਣੀ ਦੇ ਫੌਜੀਆਂ ਦਾ ਸਮਾਨ ਉਤਾਰਿਆ ਜਾ ਰਿਹਾ ਸੀ ਤਾਂ ਪੂਰਨ ਸਿੰਘ ਦੀ ਪੇਟੀ ਵਿੱਚ ਪਿਆ ਦੇਸ ਬੰਬ ਫਟ ਗਿਆ। ਇੰਚਾਰਜ ਜਮਾਂਦਾਰ ਨੇ ਜਦੋਂ ਬਾਕੀ ਸਮਾਨ ਦੀ ਤਲਾਸ਼ੀ ਲਈ ਤਾਂ ਪੂਰਨ ਸਿੰਘ ਦੇ ਦੂਸਰੇ ਬਕਸੇ 'ਚੋਂ ਇਕ ਹੋਰ ਬੰਬ ਨਿਕਲਿਆ। ਪੂਰਨ ਸਿੰਘ ਤੇ ਵਸਾਵਾ ਸਿੰਘ ਨੂੰ ਫੜ ਕੇ ਪੁੱਛਗਿੱਛ ਕੀਤੀ। ਦੋਹਾਂ ਨੇ ਆਪਣਾ ਆਪ ਬਚਾਉਣ ਲਈ ਮੀਆਂ ਮੀਰ ਛਾਉਣੀ ਦੀ ਸਾਰੀ ਇਨਕਲਾਬੀ ਯੋਜਨਾ ਤੇ ਝਾੜ ਸਾਹਿਬ ਤੋਂ ਫੜੇ ਤਿੰਨ ਸਵਾਰਾਂ ਬਾਰੇ ਭੇਤ ਖੋਲ ਦਿੱਤਾ।

ਪੂਰਨ ਸਿੰਘ, ਕ੍ਰਿਪਾਲ ਸਿੰਘ ਗਦਾਰ ਦਾ ਰਿਸ਼ਤੇਦਾਰ ਸੀ। ਪੁਲਿਸ ਨੇ ਡਰਾਉਣ ਧਮਕਾਉਣ 'ਤੇ ਇਹਨਾਂ ਨੇ ਮੂਲ ਸਿੰਘ ਗ੍ਰੰਥੀ ਅਤੇ ਗੰਡਾ ਸਿੰਘ ਦੇ ਨਾਮ ਵੀ ਲੈ ਦਿੱਤੇ ਅਤੇ ਉਹ ਵੀ ਫੜੇ ਗਏ। ਪੂਰਨ ਸਿਘ ਅਤੇ ਵਸਾਵਾ ਸਿੰਘ ਨੇ ਵਾਅਦਾ ਮੁਆਫ਼ ਬਣ ਕੇ ਕਈ ਹੋਰ ਸਵਾਰਾਂ ਨੂੰ ਵੀ ਗ੍ਰਿਫ਼ਤਾਰ ਕਰਵਾ ਦਿੱਤਾ ਅਤੇ ਬਸਰੇ ਜਾ ਚੁੱਕੇ ਫੌਜੀਆਂ ਦੇ ਨਾਮ ਵੀ ਦੱਸ ਦਿੱਤੇ। ਸਰਕਾਰ ਵੱਲੋਂ ਬਸਰੇ ਦੇ ਫੌਜੀ ਕਮਾਂਡਰ ਨੂੰ ਉਹਨਾਂ ਦੇ ਨਾਂ ਅਤੇ ਨੰਬਰ ਲਿਖ ਕੇ ਭੇਜ ਦਿੱਤੇ। ਕਮਾਂਡਰ ਨੇ ਨਾਸਰੀ ਸ਼ਹਿਰ ਵਿੱਚ ਸਾਰੀ ਰੈਜੀਮੈਂਟ ਦੀ ਬਿਨ੍ਹਾਂ ਹਥਿਆਰਾਂ ਤੋਂ ਪਰੇਡ ਕਰਵਾ ਕੇ 19 ਫੌਜੀਆਂ ਨੂੰ ਵੱਖ ਕੱਢ ਲਿਆ ਜਿਨ੍ਹਾਂ ਦੇ ਨਾਮ ਆਏ ਸਨ। ਹਥਿਆਰਬੰਦ ਗੋਰਿਆਂ ਦੀ ਨਿਗਰਾਨੀ ਹੇਠ ਇਹਨਾਂ ਨੂੰ ਜਹਾਜ਼ ਵਿੱਚ ਚੜ੍ਹਾ ਦਿੱਤਾ ਗਿਆ। ਬੰਬਈ ਤੋਂ ਇਹਨਾਂ ਨੂੰ ਡੱਗਸ਼ਈ ਛਾਉਣੀ ਜ਼ਿਲ੍ਹਾ ਸ਼ਿਮਲਾ, ਹਿਮਾਚਲ ਪ੍ਰਦੇਸ਼ ਪਹੁੰਚਾ ਦਿੱਤਾ। 11 ਅਗਸਤ 1915 ਨੂੰ 23ਵੇਂ ਰਸਾਲੇ ਦੇ ਚਾਰ ਹੋਰ ਸਵਾਰ ਡੱਗਸ਼ਈ ਪਹੁੰਚਾਏ ਗਏ। 15 ਅਗਸਤ 1915 ਨੂੰ ਇਹਨਾਂ ਦਾ ਕੋਰਟ ਮਾਰਸ਼ਲ ਸ਼ੁਰੂ ਹੋਇਆ ਅਤੇ 26 ਮਾਰਚ 1915 ਨੂੰ ਫੈਸਲਾ ਸੁਣਾ ਕੇ ਇਹਨਾਂ ਸਾਰਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਪਿੱਛੋਂ ਇਹਨਾਂ ਵਿੱਚੋਂ 6 ਦੀ ਸਜ਼ਾ ਘਟਾ ਕੇ ਉਮਰ ਕੈਦ ਜਲਾਵਤਨ ਕਰ ਦਿੱਤੀ ਗਈ। 30 ਅਗਸਤ 1915 ਨੂੰ ਫਾਂਸੀ ਵਾਲੇ 12 ਫੌਜੀਆਂ ਨੂੰ ਅੰਬਾਲਾ ਜੇਲ ਲਿਆਂਦਾ



ਗਿਆ ਜਿੱਥੇ 3 ਸਤੰਬਰ 1915 ਨੂੰ ਉਹਨਾਂ ਸਾਰਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ, ਜਿਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ –

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਦਫੇਦਾਰ ਲਛਮਣ ਸਿੰਘ ਪੁੱਤਰ ਸ. ਕੱਥਾ ਸਿੰਘ ਮਾਤਾ ਈਸ਼ਰ ਕੌਰ | ਚੂਸਲੇਵੜ | ਤਰਨ ਤਾਰਨ |
| 2. | ਸਵਾਰ ਬੂਟਾ ਸਿੰਘ ਪੁੱਤਰ ਸ੍. ਚੈਂਚਲ ਸਿੰਘ | ਕਸੇਲ | ਅੰਮ੍ਰਿਤਸਰ |
| 3. | ਸ. ਬੁੱਧ ਸਿੰਘ ਪੁੱਤਰ ਸ. ਹੀਰਾ ਸਿੰਘ ਮਾਤਾ ਜੀਵਨ ਕੌਰ | ਢੋਟੀਆਂ | ਤਰਨਤਾਰਨ |
| 4. | ਅਬਦੁੱਲਾ ਨਾਹਲਬੰਦ ਪੁੱਤਰ ਅਲਾਦੀਨ | ਢੋਟੀਆਂ | ਤਰਨਤਾਰਨ |
| 5. | ਸ. ਭਾਗ ਸਿੰਘ ਪੁੱਤਰ ਸ. ਬੂੜ ਸਿੰਘ ਮਾਤਾ ਗੁਲਾਬ ਕੌਰ | ਰੂੜ੍ਹੀਵਾਲ | ਤਰਨਤਾਰਨ |
| 6. | ਸ. ਮੋਤਾ ਸਿੰਘ ਪੁੱਤਰ ਸ. ਈਸ਼ਰ ਸਿੰਘ ਮਾਤਾ ਹੁਕਮ ਕੌਰ | ਰੂੜ੍ਹੀਵਾਲ | ਤਰਨਤਾਰਨ |
| 7. | ਸ. ਤਾਰਾ ਸਿੰਘ ਪੁੱਤਰ ਸ. ਸ਼ਾਮ ਸਿੰਘ ਮਾਤਾ ਭੋਲੀ | ਰੂੜ੍ਹੀਵਾਲ | ਤਰਨਤਾਰਨ |
| 8. | ਦਫੇਦਾਰ ਵਧਾਵਾ ਸਿੰਘ ਪੁੱਤਰ ਸ. ਸੁਰੈਣ ਸਿੰਘ ਮਾਤਾ ਘਈ ਕੌਰ | ਰੂੜ੍ਹੀਵਾਲ | ਤਰਨਤਾਰਨ |
| 9. | ਸ. ਇੰਦਰ ਸਿੰਘ ਪੁੱਤਰ ਸ. ਜਵੰਦ ਸਿੰਘ ਮਾਤਾ ਖੇਮੀ ਕੌਰ | ਜੀਉਬਾਲਾ | ਤਰਨਤਾਰਨ |
| 10. | ਸ. ਇੰਦਰ ਸਿੰਘ ਪੁੱਤਰ ਸ. ਭਗਤ ਸਿੰਘ ਮਾਤਾ ਭਾਗਣ ਕੌਰ | ਜੀਉਬਾਲਾ | ਤਰਨਤਾਰਨ |
| 11. | ਸ. ਗੁੱਜਰ ਸਿੰਘ ਪੁੱਤਰ ਸ. ਨਿਹਾਲ ਸਿੰਘ ਮਾਤਾ ਰਤਨ ਕੌਰ | ਲੌਹਕਾ | ਤਰਨਤਾਰਨ |
| 12. | ਸ. ਜੇਠਾ ਸਿੰਘ ਪੁੱਤਰ ਸ. ਬਹਾਦਰ ਸਿੰਘ ਮਾਤਾ ਪ੍ਰੇਮ ਕੌਰ | ਲੌਹਕਾ | ਤਰਨਤਾਰਨ |

ਉਮਰ ਕੈਦ ਜਲਾਵਤਨੀ ਦੀ ਸਜ਼ਾ ਵੇਲ ਫੌਜੀਆਂ ਦਾ ਵੇਰਵਾ

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਸ. ਬਿਸ਼ਨ ਸਿੰਘ ਪੁੱਤਰ ਸ. ਜਿਊਣ ਸਿੰਘ | ਢੋਟੀਆਂ | ਤਰਨਤਾਰਨ |
| 2. | ਸ. ਬਿਸ਼ਨ ਸਿੰਘ ਪੁੱਤਰ ਸ. ਰਾਮ ਸਿੰਘ | ਢੋਟੀਆਂ | ਤਰਨਤਾਰਨ |
| 3. | ਸ. ਨੱਥਾ ਸਿੰਘ ਪੁੱਤਰ ਸ. ਸਦਾ ਸਿੰਘ | ਢੋਟੀਆਂ | ਤਰਨਤਾਰਨ |
| 4. | ਸ. ਕਿਹਰ ਸਿੰਘ ਪੁੱਤਰ ਸ. ਕਾਹਨ ਸਿੰਘ | ਢੋਟੀਆਂ | ਤਰਨਤਾਰਨ |
| 5. | ਸ. ਨੰਦ ਸਿੰਘ ਪੁੱਤਰ ਸ. ਪੰਜਾਬ ਸਿੰਘ | ਰਾਏ ਕਾ ਬੁਰਜ | ਤਰਨਤਾਰਨ |
| 6. | ਸ. ਚੰਨਣ ਸਿੰਘ ਪੁੱਤਰ ਸ. ਨੱਥਾ ਸਿੰਘ | ਢੰਡ ਕਸੇਲ | ਅੰਮ੍ਰਿਤਸਰ |

ਝਾੜ ਸਾਹਿਬ ਤੋਂ ਗ੍ਰਿਫ਼ਤਾਰ ਕੀਤੇ ਫੌਜੀ ਜਿਹਨਾਂ ਨੂੰ ਉਮਰ ਕੈਦ ਜਲਾਵਤਨੀ ਦੀ ਸਜ਼ਾ ਹੋਈ ਦਾ ਵੇਰਵਾ –

| ਲੜੀ ਨੰ. | ਨਾਮ | ਪਿੰਡ | ਜ਼ਿਲ੍ਹਾ |
|---|---|---|---|
| 1. | ਭਾਈ ਮਹਿਰਾਜ ਸਿੰਘ ਪੁੱਤਰ ਨਿਹਾਲ ਸਿੰਘ | ਕਸੇਲ | ਅੰਮ੍ਰਿਤਸਰ |
| 2. | ਭਾਈ ਸੁੱਚਾ ਸਿੰਘ ਪੁੱਤਰ ਗੁਰਦਿੱਤਾ ਸਿੰਘ | ਚੋਹਲਾ ਸਾਹਿਬ | ਤਰਨਤਾਰਨ |

3 ਸਤੰਬਰ 1915 ਨੂੰ ਫਾਂਸੀ ਲੱਗੇ ਫੌਜੀਆਂ ਵਿੱਚ ਦਫੇਦਾਰ ਸ. ਲਛਮਣ ਸਿੰਘ ਤੇ ਮੁਸਲਮਾਨ ਅਬਦੁੱਲਾ ਨਾਹਲਬੰਦ ਵੀ ਸੀ। ਲਛਮਣ ਸਿੰਘ ਦੂਰ ਦ੍ਰਿਸ਼ਟੀ ਵਾਲਾ ਸੀ ਸਿਪਾਹੀਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਸੀ। ਸਚਿੰਦਰਨਾਥ ਸਨਿਹਾਲ ਉਸ ਬਾਰੇ ਲਿਖਦਾ ਹੈ, "ਲਛਮਣ ਸਿੰਘ ਨੇ ਰੈਜੀਮੈਂਟ ਵਿੱਚ ਇਕ ਇਨਕਲਾਬੀ ਗਰੁੱਪ ਬਣਾਇਆ ਹੋਇਆ ਸੀ ਜਿਸ ਵਿੱਚ ਸਿੱਖ ਧਰਮ ਸੰਬੰਧੀ ਪੁਸਤਕਾਂ ਪੜੀਆਂ ਜਾਂਦੀਆਂ ਸਨ 'ਤੇ ਉਸ ਉੱਪਰ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ। ਰੈਜੀਮੈਂਟ ਦੇ ਸਾਰੇ ਸਿਪਾਹੀ ਲਛਮਣ ਸਿੰਘ ਨੂੰ ਧਰਮਾਤਮਾ ਅਤੇ ਉੱਚਾ ਸੁੱਚਾ ਸਮਝ ਕੇ ਸਤਿਕਾਰ ਕਰਦੇ ਸਨ।" ਫਾਂਸੀ ਦੇ ਹੁਕਮ ਉਪਰੰਤ ਉਸ ਦੇ ਸਾਥੀ ਅਬਦੁੱਲਾ ਨਾਹਲਬੰਧ ਨੂੰ ਜਾਨ ਬਖਸ਼ੀ ਲਈ ਲਾਲਚ ਦੇ ਕੇ ਹੋਰ ਭੇਤ ਕੱਢਣ ਵਿੱਚ ਅਧਿਕਾਰੀ ਸਫਲ ਨਾ ਹੋਏ ਤਾਂ ਇਕ ਦਿਨ ਸ. ਲਛਮਣ ਸਿੰਘ ਨੇ ਉਸ ਨੂੰ ਕਿਹਾ, " ਮੌਲਵੀ ਜੀ ਆਪਾਂ ਸਾਰਿਆਂ ਨੂੰ ਸ਼ਹੀਦ ਕੀਤਾ ਜਾਣਾ ਨਿਸ਼ਚਿਤ ਹੈ ਕਿਉਂ ਨਾ ਤੁਸੀਂ ਵਾਅਦਾ ਮੁਆਫ ਗੁਆਹ ਬਣ ਕੇ ਆਪਣੀ ਜਾਨ ਬਚਾ ਲਉ।" ਅਬਦੁੱਲਾ ਨੇ ਉੱਤਰ ਦਿੱਤਾ ਕਿ ਮੈਂ ਆਪਣੇ ਧੰਨਭਾਗ ਸਮਝਦਾ ਹਾਂ ਕਿ "8 ਕਰੋੜ ਮੁਸਲਮਾਨਾਂ ਵਿੱਚੋਂ ਮੈਂ ਇਕੱਲਾ ਹੀ ਹਾਂ 'ਤੇ ਕੁਝ ਲੱਖ ਸਿੱਖਾਂ ਵਿੱਚੋਂ ਤੁਸੀਂ 11 ਜਣੇ ਹੋ ਜੋ ਦੇਸ਼ ਖਾਤਿਰ ਕੁਰਬਾਨ ਹੋਣ ਜਾ ਰਹੇ ਹੋ, ਅੱਲ੍ਹਾ ਦੀ ਰਹਿਮਤ ਨਾਲ ਮੈਂ ਤੁਹਾਨੂੰ ਸਾਰਿਆਂ ਨੂੰ ਛੱਡ ਕੇ ਆਪਣੀ ਜਾਨ ਬਚਾ ਕੇ ਕਲੰਕਿਤ ਨਹੀਂ ਹੋਣਾ ਚਾਹੁੰਦਾ।" ਉਸ ਨੇ ਫਾਂਸੀ ਦੇ ਤਖਤੇ ਉੱਪਰ ਜਾਣ ਵੇਲੇ ਜੇਲਰ ਨੂੰ ਕਿਹਾ ਕਿ, " ਸਾਡੇ ਮਰਨ ਤੋਂ ਬਾਅਦ ਸਾਨੂੰ 12 ਨੂੰ ਵੱਖ ਨਾ ਕੀਤਾ ਜਾਵੇ ਚਾਹੇ ਸਸਕਾਰ ਕਰ ਦਿੱਤਾ ਜਾਵੇ ਜਾਂ ਦਫਨਾ ਦਿੱਤਾ ਜਾਵੇ।" 100 ਸਾਲ ਬੀਤਣ ਬਾਅਦ ਵੀ ਅੱਜ ਵੀ 11 ਸਿੱਖਾਂ ਦੇ ਫੁੱਲ ਅਤੇ ਅਬਦੁੱਲਾ ਜੀ ਦੀ ਦੇਹ ਅੰਬਾਲਾ ਜੇਲ ਦੇ ਇੱਕ ਕੋਨੇ ਵਿੱਚ ਦੱਬੇ ਪਏ ਹਨ।

3 ਸਤੰਬਰ ਦਾ ਦਿਨ ਸਾਨੂੰ ਇਹਨਾਂ ਮਹਾਨ ਸੂਰਬੀਰ ਫੌਜੀ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਿਰ ਨੌਕਰੀਆਂ, ਰੁਜ਼ਗਾਰ ਤੇ ਆਪਣੇ ਪਰਿਵਾਰਾਂ ਦੇ ਭਵਿੱਖ ਦੀ ਪਰਵਾਹ ਕੀਤੇ ਬਿਨਾਂ ਅੰਗਰੇਜ਼ ਹਕੂਮਤ ਦੇ ਖਾਤਮੇ ਲਈ ਸੰਘਰਸ਼ ਕਰਦਿਆਂ ਜਾਨਾਂ ਵਾਰ ਦਿੱਤੀਆਂ। ਸਾਡਾ ਸਿਰ ਇਹਨਾਂ ਕੌਮੀ ਸੂਰਬੀਰਾਂ ਦੀਆਂ ਕੁਰਬਾਨੀਆਂ ਅੱਗੇ ਆਪ ਮੁਹਾਰੇ ਝੁਕ ਜਾਂਦਾ ਹੈ। ਲੋੜ ਹੈ ਇਹਨਾਂ ਭੁੱਲੇ ਵਿਸਰੇ ਸ਼ਹੀਦਾਂ ਦੀਆਂ ਉਚਿਤ ਯਾਦਗਾਰਾਂ ਬਣਾਈਆਂ ਜਾਣ ਤਾਂ ਜੋ ਆਉਣ ਵਾਲੀਆਂ ਪੀੜੀਆਂ ਆਪਣੇ ਵਡੇਰਿਆਂ ਨੂੰ ਯਾਦ ਰੱਖ ਸਕਣ।

**ਚੌਧਰੀ ਵਾਲਾ, ਨੌਸ਼ਹਿਰਾ ਪੰਨੂੰਆਂ**
**ਤਰਨਤਾਰਨ, ਮੋ. 98766-98068**

◆◆◆



# ਬਹੁਪੱਖੀ ਸ਼ਖਸੀਅਤ ਸ. ਪ੍ਰੀਤਮ ਸਿੰਘ ਨੌਰੰਗਪੁਰ ਸਾਬਕਾ ਪ੍ਰਧਾਨ ਐਨ.ਆਰ.ਆਈ. ਸਭਾ ਪੰਜਾਬ

***ਬਬਲਾ ਬੇਗੋਵਾਲ***



ਪੰਜਾਬ ਕਲਾ ਮੰਚ ਬੇਗੋਵਾਲ ਦੇ ਵਿਹੜੇ 'ਚੋਂ ਉਤਪੰਨ ਹੋਇਆ ਅਦਾਰਾ "ਰੂਹ ਪੰਜਾਬੀ" ਜੋ ਪਿਛਲੇ ਕਰੀਬ ਤਿੰਨ ਸਾਲ ਤੋਂ ਆਈ. ਸੀ. ਨੰਦਾ ਅਵਾਰਡੀ ਉੱਘੇ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਦੀ ਅਗਵਾਈ ਹੇਠ ਸਾਹਿਤਕ ਸਰਗਰਮੀਆਂ ਦੀਆਂ ਖੁਸ਼ਬੋਆਂ ਬਿਖੇਰਦਾ ਨਜ਼ਰ ਆ ਰਿਹਾ ਹੈ। ਇਸੇ ਵਿਹੜੇ ਦੀ ਇੱਕ ਅਹਿਮ ਸ਼ਖਸੀਅਤ ਹਨ ਐਨ.ਆਰ.ਆਈ. ਸਭਾ ਪੰਜਾਬ ਦੇ ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਨੌਰੰਗਪੁਰ ਜੋ ਕਿਸੇ ਵੀ ਪਾਸਿਉਂ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ।

ਵਿਦਿਆ ਦਾਨੀ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਨਗਰੀ ਬੇਗੋਵਾਲ ਦੇ ਬਿਲਕੁਲ ਨਜ਼ਦੀਕ ਪੈਂਦੇ ਪਿੰਡ ਨੌਰੰਗਪੁਰ ਦੇ ਜੰਮਪਲ ਸ. ਪ੍ਰੀਤਮ ਸਿੰਘ ਨੌਰੰਗਪੁਰ ਜਿੰਨਾ ਨੇ ਆਪਣੀ ਮੁੱਢਲੀ ਵਿੱਦਿਆ ਸੰਤ ਬਾਬਾ ਪ੍ਰੇਮ ਸਿੰਘ ਖ਼ਾਲਸਾ ਸਕੂਲ ਤੇ ਗ੍ਰੈਜੂਏਸ਼ਨ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਤੋਂ ਕੀਤੀ ਜਦੋਂ ਕਿ ਪੋਸਟ ਗ੍ਰੈਜੂਏਸ਼ਨ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਹਾਸਲ ਕੀਤੀ। ਪੋਸਟ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਹ ਵਿਦੇਸ਼ ਅਮਰੀਕਾ ਚਲੇ ਗਏ ਜਿਥੇ ਉਨ੍ਹਾਂ ਆਪਣਾ ਵਧੀਆ ਬਿਜਨਸ ਕਾਇਮ ਕੀਤਾ ਤੇ ਉਥੇ ਰਹਿ ਕੇ ਵੀ ਆਪਣੇ ਪੰਜਾਬ ਦੀ ਮਿੱਟੀ ਨਾਲ ਮੋਹ ਰੱਖਦਿਆਂ ਪ੍ਰਵਾਸੀ ਮਿੱਤਰਾਂ ਨਾਲ ਮਿਲ ਕੇ ਸਮਾਜ ਸੇਵੀ ਤੇ ਹੋਰ ਕਈ ਗਤੀਵਿਧੀਆਂ ਨੂੰ ਜਾਰੀ ਰੱਖਿਆ।

ਕੁਝ ਸਮਾਂ ਵਿਦੇਸ਼ ਅਮਰੀਕਾ ਵਿੱਚ ਚੰਗੀ ਮਿਹਨਤ ਕਰਦਿਆਂ ਸ. ਪ੍ਰੀਤਮ ਸਿੰਘ ਨੌਰੰਗਪੁਰ ਨੂੰ ਆਪਣੀ ਮਿੱਟੀ ਦਾ ਮੋਹ ਜਾਗਦਾ ਨਜ਼ਰ ਆਇਆ ਤਾਂ ਉਹ ਆਪਣੇ ਦੇਸ਼ ਪਰਤ ਆਏ। ਪੰਜਾਬ ਆਉਂਦਿਆਂ ਹੀ ਉਨ੍ਹਾਂ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਸਭ ਤੋਂ ਪਹਿਲਾਂ ਇਲਾਕੇ ਵਿੱਚ ਸੰਤ ਪ੍ਰੇਮ ਸਿੰਘ ਇੰਡੀਅਨ ਓਵਰਸੀਜ਼ ਸਪੋਰਟਸ ਕਲੱਬ ਐਂਡ ਕਲਚਰਲ ਐਸੋਸੀਏਸ਼ਨ ਆਪਣੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਕਾਇਮ ਕੀਤੀ। ਇਸ ਸਪੋਰਟਸ ਕਲੱਬ ਵੱਲੋਂ ਇਲਾਕੇ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਰਤ ਤੇ ਪਾਕਿਸਤਾਨ ਵਿਚਾਲੇ 18 ਟੂਰਨਾਮੈਂਟਾਂ ਵਿੱਚ ਮੈਚ ਕਰਵਾਏ ਜਿੰਨਾਂ ਵਿੱਚ ਤਿੰਨ ਕਬੱਡੀ ਕੱਪ ਟੂਰਨਾਮੈਂਟ ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਕਰਵਾਏ। ਇਸੇ ਦੌਰਾਨ ਹੀ ਸ. ਪ੍ਰੀਤਮ ਸਿੰਘ ਨੌਰੰਗਪੁਰ ਇੱਕ ਵਾਰ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਤੇ ਦੋ ਵਾਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਬਣੇ। ਇਹਨਾਂ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਉਨ੍ਹਾਂ ਵਿਦੇਸ਼ਾਂ ਵਿੱਚ ਵੱਸਦੇ ਭਾਰਤੀ ਮੂਲ ਦੀਆਂ ਕਈ ਉੱਘੀਆਂ ਸ਼ਖਸੀਅਤਾਂ ਤੇ ਵਿਦੇਸ਼ਾਂ ਵਿੱਚ ਬਣੇ ਮਨਿਸਟਰਾਂ ਨੂੰ ਪੰਜਾਬ ਆਉਣ ਤੇ ਸਨਮਾਨਿਤ ਕੀਤਾ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਸ. ਪ੍ਰੀਤਮ ਸਿੰਘ ਨੌਰੰਗਪੁਰ ਹਰ ਸਮਾਂ ਪ੍ਰਵਾਸੀ ਭਾਰਤੀਆਂ ਨਾਲ ਜੁੜੇ ਰਹਿੰਦੇ ਹਨ ਤੇ ਉਨ੍ਹਾਂ ਦੇ ਹੱਕਾਂ ਦੀ

ਵੀ ਗੱਲ ਕਰਦੇ ਹਨ। ਇਸੇ ਸਮੇਂ ਦੌਰਾਨ ਸ. ਪ੍ਰੀਤਮ ਸਿੰਘ ਨੌਰੰਗਪੁਰ ਨੇ ਇਕ 'ਵਾਸੀ ਪ੍ਰਵਾਸੀ' ਵੀਕਲੀ ਵੀ ਸ਼ੁਰੂ ਕੀਤਾ ।

ਅੱਜ ਵੀ ਇਲਾਕੇ ਵਿੱਚ ਉੱਚੀ ਸੋਚ ਵਾਲੀ ਸ਼ਖਸੀਅਤ ਸ. ਪ੍ਰੀਤਮ ਸਿੰਘ ਨੌਰੰਗਪੁਰ ਪੰਜਾਬ ਕਲਾ ਮੰਚ ਤੇ ਅਦਾਰਾ ਰੂਹ ਪੰਜਾਬੀ ਨੂੰ ਆਪਣੇ ਦਿਸ਼ਾ ਨਿਰਦੇਸ਼ਾਂ ਹੇਠ ਚਲਾ ਕੇ ਆਪਣੀਆਂ ਸਮਾਜ ਸੇਵੀ ਗਤੀਵਿਧੀਆਂ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਲੱਗੇ ਹੋਏ ਹਨ ਜਿਸ ਕਰਕੇ ਇਲਾਕੇ ਦੇ ਲੋਕ ਜਿੱਥੇ ਉਨ੍ਹਾਂ ਨੂੰ ਪਿਆਰ ਕਰਦੇ ਹਨ ਉਥੇ ਹੀ ਪੂਰਾ ਮਾਣ ਸਨਮਾਨ ਵੀ ਦਿੰਦੇ ਹਨ। ਸ. ਪ੍ਰੀਤਮ ਸਿੰਘ ਨੌਰੰਗਪੁਰ ਦਾ ਕਹਿਣਾ ਹੈ ਕਿ ਪੰਜਾਬ ਕਲਾ ਮੰਚ ਦੇ ਬਾਨੀ ਨਾਟਕ ਕਾਰ ਸਤਵਿੰਦਰ ਬੇਗੋਵਾਲੀਆ ਵੱਲੋਂ ਚਲਾਇਆ ਜਾ ਰਿਹਾ ਤ੍ਰੈਮਾਸਿਕ ਮੈਗਜ਼ੀਨ 'ਰੂਹ ਪੰਜਾਬ' ਬਹੁਤ ਹੀ ਵਿਲੱਖਣ ਮੈਗਜ਼ੀਨ ਹੈ ਜਿਸ ਵਿੱਚ ਸਾਹਿਤ ਦੀ ਇੱਕ ਵੱਖਰੀ ਝਲਕ ਉਭਰ ਕੇ ਸਾਹਮਣੇ ਆਉਂਦੀ ਹੈ ਤੇ ਸਭ ਤੋਂ ਵੱਡੀ ਗੱਲ ਕਿ ਸਤਵਿੰਦਰ ਬੇਗੋਵਾਲੀਆ ਇਸ ਮੈਗਜ਼ੀਨ ਵਿੱਚ ਚੰਗੇ ਤੇ ਨਵੇਂ ਲੇਖਕਾਂ ਨੂੰ ਢੁਕਵਾਂ ਸਥਾਨ ਦੇ ਕੇ ਉਨ੍ਹਾਂ ਦਾ ਉਤਸ਼ਾਹ ਵਧਾਉਂਦੇ ਹਨ। ਪ੍ਰਮਾਤਮਾ ਸ. ਪ੍ਰੀਤਮ ਸਿੰਘ ਨੌਰੰਗਪੁਰ ਨੂੰ ਚੰਗੀ ਸਿਹਤ ਤੇ ਲੰਮੀ ਉਮਰ ਬਖਸ਼ੇ ਤਾਂ ਜੋ ਉਹ ਅਦਾਰਾ ਰੂਹ ਪੰਜਾਬੀ ਨਾਲ ਜੁੜੇ ਰਹਿਣ ਤੇ ਇਸ ਨੂੰ ਬੁਲੰਦੀਆਂ ਤੱਕ ਲੈ ਕੇ ਜਾਣ।

**99154-28009**

◆◆◆

# ਮਨੀਪੁਰ ਦੀ ਆਇਰਨ ਲੇਡੀ ਇਰੋਮ ਚਾਨੂ ਸ਼ਰਮੀਲਾ

**-ਸੰਦੀਪ ਕੁਮਾਰ ਦਰਦੀ**

"ਉਸ ਨੂੰ ਵੀ ਜ਼ਿੰਦਗੀ ਨਾਲ ਪਿਆਰ ਹੈ, ਪਰ ਉਸ ਨਿਜ਼ਾਮ ਵਿੱਚ ਜਿਉਣ, ਜਿਊਣਾ ਨਹੀਂ, ਜਿੱਥੇ ਆਪਣੇ ਹੀ ਲੋਕਾਂ ਉੱਪਰ ਫੌਜੀ ਬਲਾਂ ਦਾ ਇਸਤੇਮਾਲ ਕਰਕੇ ਆਪਣੀ ਆਰਥਿਕ ਤਾਨਾਸ਼ਾਹੀ ਥੋਪੀ ਜਾਵੇ।"

1990 ਤੋਂ ਬਾਅਦ ਦੇ ਸਮੇਂ ਵਿੱਚ ਹਿੰਦੁਸਤਾਨੀ ਮੱਧ-ਵਰਗ ਦੀ ਬਦਲਦੀ ਸੋਚ ਨੂੰ ਦੇਖਕੇ, ਵਿਦੇਸ਼ੀ ਕੰਪਨੀਆਂ ਦੇ ਮੂੰਹ ਵਿੱਚੋਂ ਲਾਲਾਂ ਟਪਕ ਰਹੀਆਂ ਸਨ। ਉਹਨਾਂ ਦਾ ਸਾਰਾ ਜ਼ੋਰ ਮੱਧ ਵਰਗ ਨੂੰ ਲੁਭਾਉਣ ਵਿੱਚ ਲੱਗਾ ਹੋਇਆ ਸੀ, ਖ਼ਾਸ ਤੌਰ 'ਤੇ ਮੱਧ ਵਰਗੀ ਔਰਤਾਂ ਨੂੰ ਜੋ ਉਹਨਾਂ ਦੇ ਉਤਪਾਦਨਾਂ ਦੀਆਂ ਵੱਡੀਆਂ ਖਪਤਕਾਰ ਬਣਨੀਆਂ ਸਨ। ਸੁੰਦਰਤਾ ਨੂੰ ਵਧਾਉਣ ਵਾਲੇ ਵੰਨ-ਸਵੰਨੇ ਪਦਾਰਥ ਜੋ ਉਡੀਕ ਕਰ ਰਹੇ ਸਨ ਹਿੰਦੋਸਤਾਨ ਮੰਡੀ ਵਿੱਚ ਵਧਣ ਫੁੱਲਣ ਲਈ, ਪਰ ਲੋਕਾਂ ਤੱਕ ਇਹ ਪਦਾਰਥ ਪਹੁੰਚਾਉਣ ਲਈ ਕੁਝ ਐਸੇ ਚਿਹਰੇ ਚਾਹੀਦੇ ਸਨ ਜੋ ਸੁੰਦਰਤਾ ਦੇ ਸਿਖ਼ਰ 'ਤੇ ਹੋਣ। ਏਸੇ ਲਈ 1990 ਤੋਂ ਲੈ ਕੇ 2001 ਤੱਕ ਕਈ ਵਾਰ ਹਿੰਦੁਸਤਾਨੀ ਲੜਕੀਆਂ ਵਿਸ਼ਵ ਸੁੰਦਰੀਆਂ ਅਤੇ ਬ੍ਰਹਿਮੰਡ ਸੁੰਦਰੀਆਂ ਬਣੀਆਂ। ਵਿਸ਼ਵ ਸੁੰਦਰੀਆਂ 1994, 1997, 1999, 2000 ਅਤੇ 2001 ਜਦ ਕਿ ਸਭ ਤੋਂ ਪਹਿਲਾਂ 1966, ਇਸੇ ਤਰ੍ਹਾਂ ਬ੍ਰਹਿਮੰਡ ਸੁੰਦਰੀਆਂ 1994 ਅਤੇ 2000 ਵਿਚ ਬਣੀਆਂ। ਇਹਨਾਂ ਸੁੰਦਰੀਆਂ ਨੇ ਕਈ 'ਪ੍ਰੋਡੈਕਟਾਂ' ਦੇ ਇਸ਼ਤਿਹਾਰ ਕੀਤੇ ਜੋ ਹਿੰਦੁਸਤਾਨ ਮੰਡੀ ਵਿੱਚ ਆਪਣੇ ਪੈਰ ਜਮਾ ਰਹੇ ਸਨ ਅਤੇ ਇਨ੍ਹਾਂ ਸੁੰਦਰੀਆਂ ਦੇ ਆਸਰੇ ਵੱਡੀਆਂ ਕੰਪਨੀਆਂ ਨੇ ਆਪਣੇ ਤਿਆਰ ਕੀਤੇ ਉਤਪਾਦਨ ਹਿੰਦੋਸਤਾਨੀ ਮੱਧਵਰਗ ਦੀ ਲੋੜ ਬਣਾ ਦਿੱਤੇ ਹਨ। ਸੋ ਜੇ ਆਖਣਾ ਹੋਵੇ ਕਿ 1966 ਤੱਕ ਹਿੰਦੁਸਤਾਨ ਵਿੱਚ ਸੁੰਦਰ ਲੜਕੀਆਂ ਖਤਮ ਹੋ ਗਈਆਂ ਸਨ? ਜਾਂ ਹੁਣ 2001 ਤੋਂ ਬਾਅਦ ਸੁੰਦਰ ਲੜਕੀਆਂ ਦੀ ਕਮੀ ਹੈ। ਬੱਸ ਮਸਲਾ ਹੱਲ ਹੋਣ ਦੀ ਗੱਲ ਸੀ ਜੋ ਹੁਣ ਹੱਲ ਹੋ ਗਿਆ ਹੈ। ਹੁਣ ਹਿੰਦੋਸਤਾਨ ਦੀ ਮੰਡੀ ਵਿੱਚ ਸੁੰਦਰਤਾ ਦੇ ਨਾਲ ਸਬੰਧਿਤ ਹਜ਼ਾਰਾਂ ਉਤਪਾਦਨਾਂ ਦੀ ਖਰੀਦੋ-ਫਰੋਖਤ ਹੁੰਦੀ ਹੈ।

ਅੱਜ ਚਮਕਦੇ ਹਿੰਦੋਸਤਾਨ ਵਿੱਚ ਬਹੁਤ ਮਸ਼ਹੂਰ ਔਰਤਾਂ ਦੇ ਚਿਹਰੇ ਹਨ, ਜੋ ਸਿਆਸੀ ਕਲਾਕਾਰੀ ਅਤੇ ਸਮਾਜ ਸੇਵੀ ਤੌਰ 'ਤੇ ਸ਼ਾਇਦ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੋਣ, ਪਰ ਸਿਰਫ਼ ਲਗਭਗ ਉਹੀ ਚਿਹਰੇ ਜੋ ਦੁਨੀਆਂ ਦੀ ਸਥਾਪਤੀ ਅਰਥਾਤ ਮੌਜੂਦ ਢਾਂਚੇ ਨੂੰ ਮਨਜ਼ੂਰ ਨੇ।

ਹਿੰਦੁਸਤਾਨ ਵਿੱਚ ਬਹੁਤ ਮਹਾਨ ਔਰਤਾਂ ਨੇ ਜੋ ਸਿਰਫ਼ ਸਾਡੀ ਕਮਜ਼ੋਰੀ ਤੇ ਇਸ ਸਿਸਟਮ ਦੀ ਜਾਬਰਾਨਾ ਚਾਲ ਕਰਕੇ ਲੱਖਾਂ ਲੋਕਾਂ ਦੀ ਚੇਤਨਾ ਤੋਂ ਦੂਰ ਨੇ। ਇਹਨਾਂ ਔਰਤਾਂ 'ਚੋਂ ਇਕ ਹੈ ਮਨੀਪੁਰ ਦੀ 'ਆਇਰਨ ਲੇਡੀ' ਇਰੋਮ ਚਾਨੂ ਸ਼ਰਮੀਲਾ, ਜੋ 2 ਨਵੰਬਰ 2000 ਤੋਂ ਅੱਜ ਤੱਕ ਭੁੱਖ ਹੜਤਾਲ 'ਤੇ ਹੈ। ਜਿਸ ਦੀ ਮੰਗ ਹੈ ਮਨੀਪੁਰ ਵਿਚੋਂ ਅਫਸਪਾ (ਆਰਮਡ ਫੋਰਿਸ ਸ਼ਪੈਸ਼ਲ ਪਾਵਰ) ਐਕਟ 1958 ਖ਼ਤਮ ਕੀਤਾ ਜਾਵੇ। ਇਸ ਨੂੰ ਸ਼ਾਸ਼ਤਰ ਬਲ ਵਿਸੇਸ਼ ਅਧਿਕਾਰ ਕਾਨੂੰਨ ਕਿਹਾ ਜਾਂਦਾ ਹੈ। ਇਸ ਐਕਟ ਦੇ ਨਾਲ ਸੈਨਿਕ ਬਲਾਂ ਨੂੰ ਇਹ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ ਕਿ ਉਹ ਕਿਸੇ ਨੂੰ ਵੀ ਸ਼ੱਕ ਦੇ ਆਧਾਰ 'ਤੇ ਜਾਨ ਤੋਂ ਮਾਰ ਸਕਦੇ ਨੇ। ਅਰਥਾਤ ਨਾ ਕੋਈ ਚੇਤਾਵਨੀ ਅਤੇ ਨਾ ਹੀ ਕੋਈ ਸਫ਼ਾਈ ਪੇਸ਼ ਕਰਨ ਦਾ ਮੌਕਾ। ਇਸ ਤਰ੍ਹਾਂ ਕਰਨ ਨਾਲ ਉਹਨਾਂ ਨੂੰ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਸਫ਼ਾਈ ਦੇਣ ਦੀ ਲੋੜ ਨਹੀਂ। ਇਸ ਕਾਨੂੰਨ ਦੇ ਅਧੀਨ ਸੈਨਿਕ ਬਲ ਬਿਨਾਂ ਵਾਰੰਟ ਕਿਸੇ ਨੂੰ ਵੀ ਗ੍ਰਿਫ਼ਤਾਰ ਕਰ ਸਕਦੇ ਹਨ ਅਤੇ ਉਸ ਦੇ ਘਰ ਤਲਾਸ਼ੀ ਲੈ ਸਕਦੇ ਹਨ। ਇਸ ਕਾਨੂੰਨ ਦੀ ਆੜ ਵਿਚ ਸੈਨਿਕ ਬਲਾਂ ਨੇ ਇਸ ਅਧਿਕਾਰ ਵਾਲੇ ਖੇਤਰ ਵਿੱਚ ਅਨੇਕਾਂ ਬਲਾਤਕਾਰ ਕੀਤੇ ਹਨ, ਕਈ ਬੱਚਿਆਂ ਨਾਲ ਬਦਫੈਲੀ ਕੀਤੀ ਹੈ ਅਤੇ ਬਹੁਤ ਸਾਰੇ ਨਿਰਦੋਸ਼ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਹਰ ਵਾਰ ਸੈਨਿਕ ਅਫਸਪਾ ਕਾਨੂੰਨ ਦਾ ਸਹਾਰਾ ਲੈ ਕੇ ਬਚ ਨਿਕਲਦੇ ਹਨ। ਆਪਣੇ ਹੱਕਾਂ ਲਈ ਲੜਦੇ ਲੋਕਾਂ ਨੂੰ ਦਬਾਉਣ ਲਈ ਹਕੂਮਤ ਵੱਲੋਂ ਥਾਪੇ ਹੋਏ ਫੌਜੀ ਅਫ਼ਸਰ, ਇਸ ਦਾ ਖੁੱਲ੍ਹ-ਦਿਲੀ ਨਾਲ ਇਸਤੇਮਾਲ ਕਰਦੇ ਹਨ। ਲੋਕ ਰੋਹ ਨੂੰ ਦਬਾ ਕੇ ਮਾਰੂ-ਨੀਤੀਆਂ ਲੋਕਾਂ ਉੱਪਰ ਥੋਪਣ ਲਈ ਬੜਾ ਵੱਡਾ ਰੋਲ ਅਦਾ ਕਰਦੇ ਹਨ।

1958 ਵਿੱਚ ਨਾਗਾ ਵਿਰੋਧ ਖਤਮ ਕਰਨ ਦੇ ਲਈ ਕੇਂਦਰ ਸਰਕਾਰ ਵੱਲੋਂ ਪਹਿਲੀ ਵਾਰ ਸੈਨਾ ਭੇਜੀ ਗਈ ਸੀ। ਉਸ ਵੇਲੇ ਦੇ ਮੌਜੂਦਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਸਦ ਵਿੱਚ ਬਿਆਨ ਦਿੱਤਾ ਸੀ ਕਿ ਸੈਨਾ ਦਾ ਇਸਤੇਮਾਲ ਅਸਥਾਈ ਹੈ। ਛੇ ਮਹੀਨੇ ਅੰਦਰ ਸੈਨਾ ਵਾਪਿਸ ਸੱਦ ਲਈ ਜਾਵੇਗੀ। ਪਰ ਅਸਲੀਅਤ ਵਿੱਚ ਇਸ ਤੋਂ ਉਲਟ ਹੋਇਆ, ਸੈਨਾ ਸਮੁੱਚੇ ਪੂਰਵ-ਭਾਰਤ ਦੇ ਚੱਪੇ-ਚੱਪੇ 'ਤੇ ਪਹੁੰਚੇ ਗਈ। ਸੰਨ 1958 ਦਾ ਲਾਗੂ ਹੋਇਆ ਅਫਸਪਾ ਕਾਨੂੰਨ 1972 ਵਿਚ ਪੂਰੇ ਪੂਰਵ ਭਾਰਤ ਵਿਚ ਵਿਸਤਾਰ ਕਰ ਗਿਆ ਅਤੇ ਅੱਗੋਂ 1990 ਵਿੱਚ ਜੰਮੂ ਤੇ ਕਸ਼ਮੀਰ ਤੱਕ ਇਸ ਕਾਨੂੰਨ ਦਾ ਦਾਇਰਾ ਵਧ ਗਿਆ।

ਇਰੋਮ ਚਾਨੂ ਦਾ ਜਨਮ 14 ਮਾਰਚ 1972 ਨੂੰ ਮਨੀਪੁਰ ਵਿਚ ਹੋਇਆ। ਕਿਤਾਬਾਂ ਪੜ੍ਹਨ ਅਤੇ ਕਵਿਤਾ ਲਿਖਣ ਦੀ ਸ਼ੌਕੀਨ ਚਾਨੂੰ ਇਕ ਬੇਹਤਰੀਨ ਲੇਖਿਕਾ ਹੈ। 29 ਸਾਲ ਦੀ ਉਮਰ

ਵਿੱਚ ਉਸ ਨਾਲ ਇਕ ਐਸੀ ਘਟਨਾ ਘਟੀ ਜਿਸ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ। 1 ਨਵੰਬਰ 2000 ਨੂੰ ਸੈਨਾ ਨੇ ਇਕ ਬੱਸ ਸਟੈਂਡ ਨਜ਼ਦੀਕ ਦਸ ਵਿਅਕਤੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਰੋਮ ਚਾਨੂ ਸ਼ਰਮੀਲਾ ਉਸ ਘਟਨਾ ਦੀ ਚਸ਼ਮਦੀਦ ਗਵਾਹ ਸੀ। ਇਸ ਘਟਨਾ ਦਾ ਵਿਰੋਧ ਕਰਦੇ ਹੋਏ ਚਾਨੂ ਨੇ 2 ਨਵੰਬਰ ਤੋਂ ਹੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਉਸ ਦੀ ਮੰਗ ਸੀ ਕਿ ਮਨੀਪੁਰ ਵਿਚੋਂ ਸ਼ਸ਼ਤਰ ਬਲ ਵਿਸ਼ੇਸ਼ ਕਾਨੂੰਨ ਅਧਿਕਾਰ ਨੂੰ ਹਟਾਇਆ ਜਾਵੇ। ਭੁੱਖ-ਹੜਤਾਲ ਨੂੰ ਚਾਰ ਦਿਨ ਹੀ ਹੋਏ ਸਨ ਕਿ 6 ਨਵੰਬਰ ਨੂੰ ਉਸ ’ਤੇ ਆਤਮ-ਹੱਤਿਆ ਦੇ ਯਤਨ ਦਾ ਆਰੋਪ ਲਗਾ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ’ਤੇ 309 ਦੀ ਧਾਰਾ ਲਗਾਈ ਗਈ, 20 ਨਵੰਬਰ 2000 ਤੋਂ ਉਸ ਨੂੰ ਨੱਕ ਰਾਹੀਂ ਪਾਈਪ ਲਗਾਕੇ ਤਰਲ ਪਦਾਰਥ ਦਿੱਤੇ ਜਾ ਰਹੇ ਹਨ। ਇਸ ਤੋਂ ਬਾੱਦ ਇਰੋਮ ਚਾਨੂ ਨੂੰ ਵਾਰ-ਵਾਰ ਫੜਿਆ ਗਿਆ ਅਤੇ ਰਿਹਾਅ ਕੀਤਾ ਗਿਆ। ਪੁਲਿਸ ਹਰ ਚੌਂਦਾਂ ਦਿਨ ਬਾਅਦ ਹਿਰਾਸਤ ਵਧਾਉਣ ਲਈ ਉਸ ਨੂੰ ਅਦਾਲਤ ਲੈ ਜਾਂਦੀ ਹੈ। ਧਾਰਾ 309 ਦੇ ਅਨੁਸਾਰ ਪੁਲਿਸ ਕਿਸੇ ਨੂੰ ਇਕ ਸਾਲ ਤੋਂ ਜ਼ਿਆਦਾ ਜੇਲ੍ਹ ਵਿੱਚ ਨਹੀਂ ਰੱਖ ਸਕਦੀ, ਇਸ ਲਈ ਸਾਲ ਦੇ ਪੂਰੇ ਹੋਣ ਤੋਂ ਦੋ-ਤਿੰਨ ਦਿਨ ਪਹਿਲਾਂ ਉਸ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਫਿਰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ।

ਇਰੋਮ ਹਾਲੇ ਤੱਕ ਆਪਣੇ ਮਕਸਦ ਵਿੱਚ ਕਾਮਯਾਬ ਨਹੀਂ ਹੋ ਸਕੀ ਪਰ ਉਸ ਨੇ ਦੋ ਵਰਲਡ ਰਿਕਾਰਡ ਜ਼ਰੂਰ ਬਣਾ ਦਿੱਤੇ ਹਨ। ਪਹਿਲਾਂ ਸਭ ਤੋਂ ਵੱਧ ਜੇਲ੍ਹ ਜਾ ਕੇ ਰਿਹਾਅ ਹੋਣ ਦਾ ਅਤੇ ਦੂਜਾ ਸਭ ਤੋਂ ਲੰਬੀ ਭੁੱਖ ਹੜਤਾਲ ਦਾ। ਇਸ ਭੁੱਖ-ਹੜਤਾਲ ਅਤੇ ਇਸ ਮੰਗ ਨੂੰ ਲੈ ਕੇ ਸ਼ਰਮੀਲਾ ਨੂੰ ਕਈ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੁਰਸਕਾਰ ਹਾਸਿਲ ਹੋ ਚੁੱਕੇ ਹਨ। ਉਸ ਦੇ ਸੰਘਰਸ਼ ਦੀ ਹਿਮਾਇਤ ਵਿੱਚ ਦੇਸ਼ ਵਿਦੇਸ਼ ਦੇ ਮਾਨਵ ਅਧਿਕਾਰ ਕਾਰਕੁੰਨਾਂ ਨੇ ਮਨੀਪੁਰ ਵਿੱਚ ਜਾ ਕੇ ਜਾਂ ਆਪੋ ਆਪਣੇ ਇਲਾਕਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ ਹਨ।

ਹੁਣ ਉਸ ਦੀ ਮੰਗ ਮਨੀਪੁਰ ਵਿੱਚੋਂ ਹੀ ਨਹੀਂ ਸਗੋਂ ਸਾਰੇ ਰਾਜਾਂ ਵਿੱਚੋਂ, ਜਿੱਥੇ ਕਿਤੇ ਵੀ ਇਹ ਕਾਨੂੰਨ ਲਾਗੂ ਹੈ ਉਸ ਨੂੰ ਖ਼ਤਮ ਕਰਨ ਦੀ ਹੈ। ਚੌਦਾਂ ਸਾਲ ਦੀ ਭੁੱਖ-ਹੜਤਾਲ ਦੇ ਸਮੇਂ ਵਿੱਚ ਉਸ ਨੂੰ ਮਨੀਪੁਰ ਦੇ ਹਸਪਤਾਲ ਵਿੱਚ ਇਕ ਨਿਆਇਕ ਹਿਰਾਸਤ ਵਿੱਚ ਰੱਖਿਆ ਗਿਆ. ਰਿਹਾਈ ਤੋਂ ਬਾਅਦ ਸ਼ਰਮੀਲਾ ਨੇ ਕਿਹਾ ਉਸ ਦਾ ਅਫਸਪਾ ਬਾਰੇ ਨਜ਼ਰੀਆ ਨਹੀਂ ਬਦਲਿਆ ਅਤੇ ਜਦੋਂ ਤੱਕ ਉਸ ਦੀ ਮੰਗ ਪੂਰੀ ਨਹੀਂ ਹੁੰਦੀ ਉਹ ਭੁੱਖ ਹੜਤਾਲ ’ਤੇ ਰਹੇਗੀ। ਇਰੋਮ ਚਾਨੀ ਸ਼ਰਮੀਲਾ ਨੂੰ ਆਮ ਆਦਮੀ ਪਾਰਟੀ ਨੇ, ਪਾਰਟੀ ਵਿੱਚ ਸਾਮਿਲ ਹੋ ਕੇ ਲੋਕ ਸਭਾ ਦੀ ਚੋਣ ਲੜਨ ਦਾ ਪ੍ਰਸਤਾਵ ਵੀ ਦਿੱਤਾ ਸੀ ਜਿਸ ਨੂੰ ਉਸ ਨੇ ਠੁਕਰਾ ਦਿੱਤਾ। ਸੰਨ 2000 ਵਿੱਚ ਉਸ ਦੇ ਭੁੱਖ-ਹੜਤਾਲ ਤੇ ਬੈਠਣ ਤੋਂ ਬਾਅਦ ਉਸ ਦੇ ਸਮਰਥਕਾਂ ਨੇ ‘Just Peace Foundation’ ਦਾ ਗਠਨ ਕੀਤਾ ਸੀ। ਜਿਸ ਨੇ ਉਸ ਨੂੰ ਚੁਣਾਵ ਲੜਨ ਦਾ ਪ੍ਰਸਤਾਵ ਵੀ ਦਿੱਤਾ ਸੀ। ਜਿਸ ਨੂੰ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ “ਉਹ ਕਿਸੇ ਰਾਜਨੀਤਿਕ ਪਾਰਟੀ ਨਾਲ ਜੁੜਨ ਦੀ ਥਾਂ ਤੇ ਲੋਕਾਂ ਨਾਲ ਜੁੜਕੇ ਲੜਦੇ ਰਹਿਣ ਵਿੱਚ ਵਿਸ਼ਵਾਸ ਰੱਖਦੀ ਹੈ।” ਪਰ ਉਸ ਨੇ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਭ੍ਰਿਸ਼ਟਾਚਾਰ ਵਿਰੋਧ ਵਿਚਾਰਧਾਰਾ ਦੀ ਸ਼ਲਾਘਾ ਕਰਦਿਆਂ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਇੱਛਾ ਜ਼ਾਹਿਰ ਕੀਤੀ, ਪਰ ਪ੍ਰਸ਼ਾਸਨ ਨੇ ਉਸ ਨੂੰ ਵੋਟ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ।



2014 ਵਿੱਚ ਮਿਲ ਰਿਹਾਈ ਵੇਲੇ ਇਰੋਮ ਚਾਨੂ ਸ਼ਰਮੀਲਾ ਨਾ ਆਪਣੇ ਘਰੇ ਗਈ ਤੇ ਨਾ ਹੀ ਆਪਣੀ 80 ਸਾਲਾ ਮਾਂ ਨੂੰ ਮਿਲੀ। ਇੰਫਾਲ ਵਿੱਚ ‘ਜਵਾਹਰ ਲਾਲ ਨਹਿਰੂ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼’ ਦੇ ਬਾਹਰ ਬਣੇ ਛੋਟੇ ਜਿਹੇ ਅਸਥਾਈ ਤੰਬੂ ਵਿੱਚ ਭੁੱਖ-ਹੜਤਾਲ ’ਤੇ ਜਾ ਬੈਠੀ, ਹਸਪਤਾਲ ਤੋਂ ਥੋੜ੍ਹੀ ਹੀ ਦੂਰ ਉਸ ਦਾ ਘਰ ਸੀ। ਇਰੋਮ ਚਾਨੂ ਦੀ ਮਾਂ ਨੇ ਵੀ ਕਦੇ ਆਪਣੀ ਧੀ ਨੂੰ ਮਿਲਣ ਦੀ ਇੱਛਾ ਜ਼ਾਹਰ ਨਹੀਂ ਕੀਤੀ। ਉਸ ਦੀ ਮਾਂ ਦਾ ਕਹਿਣਾ ਹੈ ਕਿ “ਮੈਂ ਆਪਣੀ ਧੀ ਦੇ ਉਸ ਪ੍ਰਣ ਨੂੰ ਪੂਰਾ ਕਰਾਂਗੀ ਜੋ ਉਸ ਨੇ ਭੁੱਖ-ਹੜਤਾਲ ਸ਼ੁਰੂ ਕਰਨ ਵੇਲੇ ਲਿਆ ਸੀ ਕਿ ਉਹ ਉਦੋਂ ਤੱਕ ਆਪਣੀ ਮਾਂ ਨੂੰ ਨਹੀਂ ਮਿਲੇਗੀ ਜਦੋਂ ਤੱਕ ਅਫਸਪਾ ਕਾਨੂੰਨ ਵਾਪਿਸ ਨਹੀਂ ਲਿਆ ਜਾਂਦਾ। ਉਹ ਨਹੀਂ ਚਾਹੁੰਦੀ ਕਿ ਮਾਂ ਨੂੰ ਮਿਲਣ ਤੋਂ ਬਾਅਦ ਉਹ ਕਮਜ਼ੋਰ ਹੋ ਜਾਵੇ।”

ਪਿਛਲੇ 15 ਸਾਲਾਂ ਵਿਚ ਇਰੋਮ ਚਾਨੂ ਆਪਣੀ ਮਾਂ ਨੂੰ ਉਦੋਂ ਮਿਲੀ ਸੀ ਜਦੋਂ ਇਰੋਮ ਚਾਨੂ ਦੀ ਮਾਂ ਉਸੇ ਹਸਪਤਾਲ ਵਿਚ ਕਿਸੇ ਬਿਮਾਰੀ ਕਾਰਨ ਦਾਖਲ ਹੋਈ ਸੀ। ਜਿਸ ਵਿਚ ਇਰੋਮ ਚਾਨੂ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ।

ਇਰੋਮ ਚਾਨੂ ਸ਼ਰਮੀਲਾ ਦੀ ਅਫਸਪਾ ਕਾਨੂੰਨ ਨੂੰ ਖਤਮ ਕਰਨ ਦੀ ਮੰਗ, ਸਿਰਫ਼ ਇਕ ਕਾਨੂੰਨ ਨੂੰ ਖ਼ਤਮ ਕਰਨ ਦੀ ਮੰਗ ਨਹੀਂ ਸਗੋਂ ਇੱਕ ਖ਼ਾਸ ਕਾਨੂੰਨ ਨੂੰ ਖ਼ਤਮ ਕਰਨ ਦੀ ਮੰਗ ਹੈ ਜੋ ਹਿੰਦੋਸਤਾਨ ਦੇ ਬਹੁਤ ਸਾਰੇ ਰਾਜਾਂ ਵਿਚ ਸਰਕਾਰੀ ਮਸ਼ੀਨਰੀ ਨੂੰ ਮਨ-ਮਰਜ਼ੀ ਕਰਨ ਦੀ ਇਜਾਜ਼ਤ ਦਿੰਦਾ ਹੈ। ਜਿਸ ਦੇ ਨਾਲ ਲੋਕਾਂ ਦੀ ਹੱਕੀ ਲੜਾਈ ਦਾ ਘਾਣ ਕੀਤਾ ਜਾ ਰਿਹਾ ਹੈ। ਹਜ਼ਾਰਾਂ ਕਤਲਾਂ, ਬਲਾਤਕਾਰਾਂ, ਬੱਚਿਆਂ ਨਾਲ ਬਦਫੈਲੀ ਹਜ਼ਾਰਾਂ ਲਾਪਤਾ ਹੋਣ ਦੀਆਂ ਘਟਨਾਵਾਂ ਨੂੰ ਰੋਕਣ ਦੀ ਮੰਗ ਹੈ ਜੋ ਇਸ ਕਾਨੂੰਨ ਦੀ ਆੜ ਵਿੱਚ ਕੀਤੇ ਜਾਂਦੇ ਹਨ।

ਇਰੋਮ ਚਾਨੂ ਦੀ ਇਸ ਲੜਾਈ ਨੂੰ ਸਿਰਫ਼ ਥੋੜ੍ਹੇ, ਦਾਇਰੇ ਵਿਚ ਹੀ ਲਕੋਈ ਰੱਖਣਾ ਸਮੇਂ ਦੀਆਂ ਸਰਕਾਰਾਂ ਦੀ ਵੱਡੀ ਸਾਜ਼ਿਸ਼ ਹੈ। ਜਿਸ ਵਿੱਚ ਹਿੰਦੁਸਤਾਨੀ ਪ੍ਰੈਸ ਤੇ ਇਲੈਕਟ੍ਰੋਨਿਕ ਮੀਡੀਆ ਵੀ ਸ਼ਾਮਿਲ ਹੈ। ਇਸ ਤਰ੍ਹਾਂ ਮੀਡੀਆ ਦਾ ਲੋਕ ਲਹਿਰਾਂ ਅਤੇ ਲੋਕਾਂ ਦੇ ਲਈ ਲੜਦੇ ਕਾਰਕੁੰਨਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਨਾ ਪਹੁੰਚਾਉਣਾ ਵੀ ਮੀਡੀਏ ਦੀ ਆਜ਼ਾਦੀ ਨੂੰ ਸ਼ੱਕ ਦੇ ਦਾਇਰੇ ਵਿਚ ਖੜ੍ਹਾ ਕਰਦਾ ਹੈ।

◆◆◆

## ਸ਼ੋਕ ਸਮਾਚਾਰ

ਪਿਛਲੇ ਦਿਨੀਂ ਅਦਾਰਾ ‘ਰੂਹ ਪੰਜਾਬੀ’ ਟੀਮ ਦੇ ਮੈਂਬਰ ਸ੍ਰੀ ਰਮੇਸ਼ ਚੰਦਰ ਗਾਂਧੀ ਦੀ ਧਰਮ ਸੁਪੱਤਨੀ ਸ੍ਰੀਮਤੀ ਸਰੀਤਾ ਰਾਣੀ ਗਾਂਧੀ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਦੇ ਇਸ ਬੇਵਕਤ ਅਕਾਲ ਚਲਾਣੇ ’ਤੇ ਅਦਾਰਾ ‘ਰੂਹ ਪੰਜਾਬੀ’ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੂਰੇ ਗਾਂਧੀ ਪਰਿਵਾਰ ਨਾਲ ਹਮਦਰਦੀ ਕਰਦਾ ਹੋਇਆ ਕਾਮਨਾ ਕਰਦਾ ਹੈ ਕਿ ਪ੍ਰਮਾਤਮਾ ਗਾਂਧੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

◆◆◆

# ਕਹਾਣੀ/ ਮਿੰਨੀ ਕਹਾਣੀਆਂ

## ਅਸਲੀ ਰਾਹ

*ਮਨਪ੍ਰੀਤ ਕੌਰ ਭਾਟੀਆ*

ਦਲਜੀਤ ਦੇ ਮੀਤ ਦੇ ਵਿਆਹ ਨੂੰ ਅਜੇ ਕੁਝ ਕੁ ਮਹੀਨੇ ਹੀ ਬੀਤੇ ਸੀ ਕਿ ਦੋਹਾਂ ਦੇ ਵੱਖਰੇ ਸੁਭਾਅ ਤੇ ਦੋਹਾਂ ਪਰਿਵਾਰਾਂ ਦੀ ਉਹਨਾਂ ਦੀ ਜ਼ਿੰਦਗੀ 'ਚ ਲੋੜ ਤੋਂ ਵੱਧ ਦਖ਼ਲ-ਅੰਦਾਜ਼ੀ ਕਾਰਨ ਉਹਨਾਂ 'ਚ ਕਾਟੋ-ਕਲੇਸ਼ ਸ਼ੁਰੂ ਹੋ ਗਿਆ। ਹੌਲੇ-ਹੌਲੇ ਕਲੇਸ਼ ਤੇ ਨਫ਼ਰਤ ਇੰਨੀ ਵੱਧ ਗਈ ਕਿ ਮੀਤ ਪੇਕੇ ਘਰ ਆ ਗਈ। ਹੁਣ ਹਾਲਾਤ ਇਹ ਸੀ ਕਿ ਨਾ ਹੀ ਉਸਦੇ ਸਹੁਰੇ ਪਰਿਵਾਰ ਵਾਲੇ ਉਸਨੂੰ ਲੈ ਕੇ ਜਾਣਾ ਚਾਹੁੰਦੇ ਸੀ ਤੇ ਨਾ ਹੀ ਉਹਦਾ ਪੇਕਾ ਪਰਿਵਾਰ ਉਸ ਨੂੰ ਭੇਜਣਾ ਚਾਹੁੰਦਾ ਸੀ।

ਗੱਲ ਵੱਧਦੀ-ਵੱਧਦੀ ਵੱਧ ਗਈ ਤੇ ਕੋਰਟ-ਕਚਹਿਰੀ ਤੱਕ ਪੁੱਜ ਗਈ। ਤਲਾਕ ਦਾ ਕੇਸ ਚੱਲ ਪਿਆ। ਦੋਵੇਂ ਧਿਰਾਂ ਹਰ ਤਰੀਕ ਤੇ ਕਚਹਿਰੀ ਆਉਂਦੀਆਂ ਤੇ ਇਕ-ਦੂਜੇ ਨੂੰ ਵੱਢ ਖਾਣ ਵਾਲੀਆਂ ਨਜ਼ਰਾਂ ਨਾਲ ਤੱਕਦੀਆਂ। ਵਕਤ ਗੁਜ਼ਰਦਾ ਗਿਆ। ਤਾਰੀਕ ਤੇ ਤਾਰੀਕ ਪੈਂਦੀ ਗਈ। ਖੱਜਲ ਖੁਆਰ ਹੁੰਦਿਆਂ ਉਹਨਾਂ ਨੂੰ ਚਾਰ ਵਰ੍ਹੇ ਲੰਘ ਗਏ। ਪਰ ਹੱਥ-ਪੱਲ੍ਹੇ ਕੁਝ ਨਾ ਪਿਆ।

ਅੱਜ ਵੀ ਉਹਨਾਂ ਦੀ ਤਾਰੀਕ ਸੀ। ਤੇ ਅੱਜ ਦੂਹਾਂ ਧਿਰਾਂ ਨੂੰ ਇਨਸਾਫ਼ ਦੀ ਉਮੀਦ ਸੀ। ਉਹ ਸਾਰੇ ਸਵੇਰੇ ਦਸ ਵਜੇ ਈ ਕਚਹਿਰੀ ਪਹੁੰਚ ਗਏ। ਵਾਰੀ ਦੀ ਉਡੀਕ ਕਰਦਿਆਂ ਦੁਪਹਿਰ ਪੈ ਗਈ ਤੇ ਲੰਚ ਟਾਇਮ ਹੋ ਗਿਆ।

ਦਲਜੀਤ ਨੂੰ ਖਿੱਝ ਚੜ੍ਹੀ ਜਾ ਰਹੀ ਸੀ। ਭੁੱਖਣ-ਭਾਣਾ ਉਹ ਸਵੇਰ ਦਾ ਵਾਰੀ ਦੀ ਉਡੀਕ ਕਰ ਰਿਹਾ ਸੀ। ਪਿਛਲੇ ਚਾਰ ਸਾਲਾਂ ਦੀ ਜ਼ਿੰਦਗੀ ਉਸ ਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਹਰ ਵਾਰ ਖੱਜਲ-ਖੁਆਰੀ, ਪੂਰੀ ਦਿਹਾੜੀ ਦੀ ਬਰਬਾਦੀ। ਕੀ ਖੱਟਿਆ ਉਸ ਨੇ ਵਿਆਹ ਕਰਵਾਕੇ। ਅਜਿਹੀ ਜ਼ਿੰਦਗੀ ਨਾਲੋਂ ਤਾਂ ਉਹ ਕੁਆਰਾ ਹੀ ਚੰਗਾ ਸੀ। ਹੁਣ ਤਾਂ ਸਗੋਂ ਕਲੇਜੇ ਧੂਹ ਪੈਂਦੀ ਹੈ। ਰਾਤ ਨੂੰ ਇਕੱਲਾਪਣ ਵੱਢ ਖਾਣ ਨੂੰ ਆਉਂਦਾ ਐ। ਤੇ ਲੋਕਾਂ ਦੀਆਂ ਗੱਲਾਂ ਵੱਖਰੀਆਂ।

ਉਸਨੂੰ ਯਾਦ ਆਇਆ ਜਦ ਉਸ ਦਾ ਨਵਾਂ ਵਿਆਹ ਹੋਇਆ ਸੀ ਤਾਂ ਮੀਤ ਉਸ ਨੂੰ ਕਿਸੇ ਪਰੀ ਤੋ ਘੱਟ ਨਹੀਂ ਸੀ ਲੱਗਦੀ। ਸ਼ੁਰੂਆਤੀ ਵਿਆਹੁਤਾ ਜ਼ਿੰਦਗੀ ਸਵਰਗ ਵਾਂਗ ਬੀਤ ਰਹੀ ਸੀ। ਗੱਲਬਾਤ ਤਾਂ ਉਹਨਾਂ ਦੀ ਠਾਕੇ ਤੋਂ ਬਾਅਦ ਈ ਫ਼ੋਨਾਂ ਤੇ ਸ਼ੁਰੂ ਹੋ ਗਈ ਸੀ। ਦਿਹਾੜੀ 'ਚ ਉਹ ਇਕ-ਦੂਜੇ ਨੂੰ ਚਾਰ-ਪੰਜ ਵਾਰ ਤਾਂ ਫ਼ੋਨ ਕਰ ਈ ਲੈਂਦੇ। ਵਿਆਹ ਹੋਇਆ ਤਾਂ ਪਹਿਲੀ ਰਾਤ ਨੂੰ ਉਹ ਇੰਝ ਮਿਲੇ ਜਿਵੇਂ ਚਿਰਾਂ ਦੇ ਵਿਛੜੇ ਪ੍ਰੇਮੀ ਮਿਲੇ ਹੋਣ।

ਅੰਤਾਂ ਦਾ ਮੋਹ-ਮੁਹੱਬਤ ਸੀ ਉਹਨਾਂ ਦਰਮਿਆਨ। ਬਸ ਫੇਰ ਹੌਲੇ-ਹੌਲੇ ਵਕਤ ਬੀਤਦਾ ਗਿਆ। ਮੀਤ ਦੀਆਂ ਕੁਝ ਗੱਲਾਂ ਉਸ ਨੂੰ ਖਲਣ ਲੱਗੀਆਂ ਤੇ ਮੀਤ ਨੂੰ ਉਸ ਦੀਆਂ। ਉਹ ਇਕ-ਦੂਜੇ ਨਾਲ ਰੁੱਸੇ-ਰੁੱਸੇ ਰਹਿਣ ਲੱਗੇ। ਪਹਿਲਾਂ ਤਾਂ ਘੰਟੇ ਦੋ ਘੰਟੇ ਲਈ ਉਹ ਰੁੱਸਦੇ। ਫਿਰ ਇਹ ਰੋਸਾ ਦਿਨਾਂ 'ਚ ਬਦਲਣ ਲੱਗਾ। ਉਹਨਾਂ ਦੀ ਐਸੀ ਖਿੱਚ-ਧਿੱਚ ਸ਼ੁਰੂ ਹੋਈ ਕਿ ਜਿਸਦਾ



ਅੰਤ ਹੋਣ ਦਾ ਨਾਮ ਈ ਨਹੀਂ ਸੀ ਲੈ ਰਿਹਾ। ਉਸ ਦੀ ਮਾਂ ਹਮੇਸ਼ਾ ਹੀ ਉਸ ਦਾ ਪੱਖ ਲੈਂਦੀ ਤਾਂ ਮੀਤ ਦਾ ਗੁੱਸਾ ਹੋਰ ਵੱਧ ਜਾਂਦਾ। ਉਸ ਦੇ ਸਹੁਰੇ ਵੀ ਵਾਰ-ਵਾਰ ਉਸ ਨੂੰ ਫ਼ੋਨ ਕਰਦੇ ਤੇ ਮੀਤ ਨੂੰ ਕੁਝ ਵੀ ਕਹਿਣ ਦੀ ਬਜਾਏ ਉਸ ਨੂੰ ਹੀ ਮੀਤ ਨਾਲ ਚੰਗੀ ਤਰ੍ਹਾਂ ਰਹਿਣ ਲਈ ਕਹਿੰਦੇ ਤੇ ਸਮਝਾਉਂਦੇ। ਇਸ ਤੇ ਉਹ ਬਹੁਤ ਹੀ ਖਿੱਝ ਜਾਂਦਾ। ਵਿਗਾੜ ਪੈਂਦਾ-ਪੈਂਦਾ ਇੰਨਾ ਪੈ ਗਿਆ ਕਿ ਇਕ ਦਿਨ ਮਾਮੂਲੀ ਝਗੜੇ ਤੋਂ ਬਾਅਦ ਉਸ ਦਾ ਹੱਥ ਮੀਤ ਤੇ ਉੱਠ ਗਿਆ। ਉਸ ਦੀ ਮਾਂ ਨੇ ਉਸ ਦਾ ਸਾਥ ਦਿੱਤਾ। ਬਸ ਫਿਰ ਕੀ ਸੀ ਬਾਤ ਦਾ ਬਤੰਗੜ ਬਣ ਗਿਆ। ਪੜ੍ਹੀ-ਲਿਖੀ ਮੀਤ ਇਹ ਅਪਮਾਨ ਕਿਵੇਂ ਸਹਿੰਦੀ, ਉਹ ਸ਼ੇਰਨੀ ਦਾ ਰੂਪ ਧਾਰੀ ਸਾਮਾਨ ਲੈ ਕੇ ਪੇਕੇ ਚਲੀ ਗਈ। ਕਿਸੇ ਨੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਉਸ ਦਿਨ ਤੋਂ ਐਸਾ ਕਲੇਸ਼ ਸ਼ੁਰੂ ਹੋਇਆ ਉਹ ਅੱਜ ਤੱਕ ਕਚਹਿਰੀਆਂ 'ਚ ਰੁੱਲਦੇ ਫਿਰਦੇ ਨੇ।

'ਚੱਲ ਦਲਜੀਤ ਤੂੰ ਵੀ ਕੁਝ ਖਾ-ਪੀ ਲੈ।' ਦਲਜੀਤ ਦੇ ਡੈਡੀ ਨੇ ਆ ਕੇ ਉਸ ਦਾ ਮੋਢਾ ਹਲੂਣਿਆ ਤਾਂ ਦਲਜੀਤ ਇਕਦਮ ਵਰਤਮਾਨ 'ਚ ਪਰਤ ਆਇਆ। ਦਲਜੀਤ ਮੱਥੇ ਤੇ ਪਸੀਨਾ ਪੂੰਝਦੇ ਬੋਲਿਆ, "ਨਹੀਂ ਡੈਡੀ, ਮੇਰਾ ਜ਼ਰਾ ਮਨ ਨਹੀਂ... ਵੈਸੇ ਵੀ ਗਰਮੀ ਕਾਰਨ ਘਬਰਾਹਟ ਜਿਹੀ ਹੋ ਰਹੀ ਏ।" ਤੇ ਉਸ ਨੇ ਡੈਡੀ ਦੇ ਹੱਥ 'ਚੋਂ ਪਾਣੀ ਦੀ ਬੋਤਲ ਫੜ ਕੇ ਮੂੰਹ ਨੂੰ ਲਾ ਲਈ।

"ਕੋਈ ਨੀ ਪੁੱਤ, ਆ ਜਾ ਬਾਹਰ... ਕੁਝ ਤਾਂ ਖਾ।" ਪਰ ਦਲਜੀਤ ਦੇ ਮਨ੍ਹਾ ਕਰਨ ਤੇ ਉਹ ਬਾਹਰ ਚਲੇ ਗਏ। ਦਲਜੀਤ ਨੇ ਦੇਖਿਆ ਹੁਣ ਲੋਕ ਇੱਧਰ-ਉੱਧਰ ਬਿਖ਼ਰ ਗਏ ਸੀ। ਅੰਤਾਂ ਦੀ ਗਰਮੀ ਨੇ ਵੀ ਵੱਟ ਕੱਢੇ ਹੋਏ ਸੀ। ਕਚਹਿਰੀ ਦੇ ਪੱਖੇ ਵੀ ਨਾ-ਮਾਤਰ ਜਿਹੀ ਹਵਾ ਦੇ ਰਹੇ ਸਨ। ਲੋਕਾਂ ਦੀ ਭੀੜ ਤੇ ਉੱਪਰੋਂ ਕਹਿਰ ਦੀ ਗਰਮੀ....।

ਅਚਾਨਕ ਈ ਮੀਤ ਬੈਠੀ-ਬੈਠੀ ਚੱਕਰ ਖਾ ਕੇ ਨੀਚੇ ਡਿੱਗ ਪਈ। 'ਕੀ ਹੋ ਗਿਆ ਇਸ ਨੂੰ।" ਆਲੇ-ਦੁਆਲਿਉਂ ਕੁਝ ਆਵਾਜ਼ਾਂ ਉੱਭਰੀਆਂ ਤੇ ਲੋਕ ਉਸ ਦੇ ਦੁਆਲੇ ਇਕੱਠੇ ਹੋ ਗਏ। ਲੋਕਾਂ ਨੇ ਉਸ ਦੇ ਮੂੰਹ ਤੇ ਪਾਣੀ ਪਾਇਆ ਉਸ ਦੇ ਪਰਿਵਾਰ ਵਾਲੇ ਜਲਦੀ ਨਾਲ ਉਸ ਨੂੰ ਚੁੱਕ ਕੇ ਜ਼ਰਾ ਹੱਟਵੀਂ ਥਾਂ ਤੇ ਲੈ ਗਏ। ਉਸ ਦੇ ਪਰਿਵਾਰ ਵਾਲਿਆਂ 'ਚ ਭਾਜੜ ਜਿਹੀ ਪੈ ਗਈ ਸੀ।

ਦਲਜੀਤ ਦੇ ਮਨ 'ਚ ਆਇਆ ਮਨਾ ਦੇਖਾਂ ਜਾ ਕੇ ਕੀ ਹੋਇਆ ਇਹਨੂੰ। ਫੇਰ ਦੂਜੇ ਹੀ ਪਲ ਖ਼ਿਆਲ ਆਇਆ, 'ਦਫ਼ਾ ਕਰ, ਇਸੇ ਜ਼ਨਾਨੀ ਕਰਕੇ ਤਾਂ ਇੰਨੀ ਖੱਜਲ-ਖੁਆਰੀ ਪੱਲੇ ਪਈ। ਜੁਆਨੀ ਕਚਹਿਰੀਆਂ 'ਚ ਈ ਬਰਬਾਦ ਹੋਈ ਜਾ ਰਹੀ ਹੈ। ਦਫ਼ਾ ਕਰ! ਨਫ਼ਰਤ ਉਸ ਦੇ ਜ਼ਹਿਨ 'ਚ ਘੁੰਮੀ ਤੇ ਉਸ ਦੇ ਖ਼ੁਦ ਨੂੰ ਰੋਕ ਲਿਆ। ਉਹ ਇੱਧਰ-ਉੱਧਰ ਟਹਿਲਦਾ ਰਿਹਾ ਤੇ ਲੰਚ-ਬਰੇਕ ਖ਼ਤਮ ਹੋਣ ਦਾ ਇੰਤਜ਼ਾਰ ਕਰਦਾ ਰਿਹਾ।

ਪਰ ਕੁਝ ਦੇਰ ਮਗਰੋਂ ਪਤਾ ਨਹੀਂ ਉਸਦੇ ਮਨ 'ਚ ਕੀ ਆਈ। ਉਹ ਉੱਧਰ ਨੂੰ ਹੋ ਤੁਰਿਆ, ਜਿਧਰ ਮੀਤ ਨੂੰ ਲੈ ਕੇ ਗਏ ਸੀ। ਉਸ ਨੇ ਦੇਖਿਆ ਕਿ ਬੈਂਚ ਤੇ ਪੱਖੇ ਹੇਠਾਂ ਮੀਤ ਅੱਖਾਂ ਬੰਦ ਕਰੀ ਲੇਟੀ ਪਈ ਸੀ। ਉਸ ਦੀ ਮਾਂ ਕੋਲ ਬੈਠੀ ਸੀ। ਪਰ ਥੋੜ੍ਹੀ ਦੇਰ ਮਗਰੋਂ ਜਿਵੇਂ ਈ ਉਹ ਉੱਠਕੇ ਪਰ੍ਹਾਂ ਗਈ। ਦਲਜੀਤ ਝੱਟ ਮੀਤ ਦੇ ਸਿਰ ਵਾਲੇ ਪਾਸੇ ਜਾ ਕੇ ਬੈਠ ਗਿਆ। ਅੰਦਰ ਈ ਅੰਦਰ ਉਹ ਡਰ ਵੀ ਰਿਹਾ ਸੀ ਕਿ ਜੇ ਉਸ ਦੇ ਸਹੁਰੇ ਪਰਿਵਾਰ ਦੇ ਮੈਂਬਰਾਂ 'ਚੋਂ ਕੋਈ ਵੀ, ਖਾਸ ਕਰਕੇ ਉਸ ਦੇ ਸਾਲੇ ਆ ਗਏ ਤਾਂ ਇੱਥੇ ਤਮਾਸ਼ਾ ਬਣ ਜਾਣਾ ਏ। ਪਰ ਉਹ ਫਿਰ ਵੀ ਬੈਠਾ ਰਿਹਾ।

ਅਚਾਨਕ ਮੀਤ ਨੇ ਅੱਖਾਂ ਖੋਲ੍ਹੀਆਂ। ਕੋਲ ਦਲਜੀਤ ਨੂੰ ਬੈਠਾ ਦੇਖ ਕੇ ਉਹ ਇਕਦਮ ਤ੍ਰਬਕ

ਕੇ ਉੱਠ ਬੈਠੀ ਤੇ ਹੈਰਾਨੀ ਨਾਲ ਅੱਖਾਂ ਅੱਡੀ ਉਸ ਵੱਲ ਤੱਕਣ ਲੱਗੀ। 'ਤੁਸੀਂ? ਇੱਥੇ ਕਿਵੇਂ?'ਉਹ ਹੈਰਾਨੀ 'ਚ ਬੋਲੀ।

'ਕੀ ਹੋਇਆ ਸੀ? ਬੈਠੀ-ਬੈਠੀ ਡਿੱਗ ਪਈ? ਕਿਵੇਂ ਆਂ ਹੁਣ? ਦਲਜੀਤ ਬੋਲਿਆ।

'ਥੋਨੂੰ ਕੀ? ਮਰਾਂ ਭਾਵੇਂ ਜੀਵਾਂ? ਜਦ ਕੋਈ ਰਿਸ਼ਤਾ ਈ ਨਹੀਂ ਰਿਹਾ ਤਾਂ...।' ਮੀਤ ਗੁੱਸੇ 'ਚ ਬੋਲੀ।

'ਅਜੇ ਤੱਕ ਗੁੱਸਾ ਠੰਡਾ ਨਹੀਂ ਹੋਇਆ? ਏਨੇ ਸਾਲ ਬੀਤ ਗਏ ਫੇਰ ਵੀ?' ਦਲਜੀਤ ਜ਼ਰਾ ਸਹਿਜ ਹੋ ਕੇ ਬੋਲਿਆ।

'ਗੁੱਸਾ ਕਿਵੇਂ ਠੰਢਾ ਹੋਵੇ। ਤੁਹਾਨੂੰ ਕਿਹੜਾ ਪਰਵਾਹ ਏ। ਇਕ ਵਾਰ ਵੀ ਮੁੜ ਕੇ ਵੇਖਿਆ? ਜਿਉਂਦੀ ਆਂ ਕੇ ਮਰ ਗਈ।'

ਮੁੜਕੇ ਵੇਖਣ ਜੋਗਾ ਛੱਡਿਆ ਕਿੱਥੇ ਤੁਸਾਂ। ਝੱਟ ਤਾਂ ਕੇਸ ਠੋਕ ਤਾ।'

'ਤੁਹਾਡੇ ਪਰਿਵਾਰ ਵਾਲਿਆਂ ਨੇ ਵੀ ਘੱਟ ਨਹੀਂ ਕੀਤੀ ਇਸ ਮਾਮਲੇ 'ਚ।'

'ਛੱਡ ਮੀਤ... ਤੂੰ ਕਿਹੜਾ ਮੁੜਕੇ ਵੇਖ ਲਿਆ ਮੇਰੇ ਵੱਲ। ਅੱਜ ਤੱਕ ਕਦੀ ਇਕ ਵਾਰ ਵੀ ਫ਼ੋਨ ਕੀਤਾ ਈਂ...?

'ਤੇ ਤੁਸੀਂ...? ਤੁਸੀਂ ਕਿੰਨੇ ਕੁ ਫ਼ੋਨ ਕਰ ਕਰ ਕੇ ਥੱਕ ਗਏ।' ਮੀਤ ਗੁੱਸੇ 'ਚ ਬੋਲੀ ਤਾਂ ਦਲਜੀਤ ਨੇ ਮੀਤ ਵੱਲ ਦੇਖਿਆ ਤੇ ਮੀਤ ਨੇ ਦਲਜੀਤ ਵੱਲ। ਉਹ ਕੁਝ ਦੇਰ ਇਵੇਂ ਈ ਇੱਕ-ਦੂਜੇ ਨੂੰ ਵੇਖਦੇ ਰਹੇ।

'ਥੋਡਾ ਕੀ ਹਾਲ ਐ?' ਮੀਤ ਨਜ਼ਰਾਂ ਝੁਕਾਕੇ ਜ਼ਰਾ ਗੁੱਸੇ 'ਚ ਬੋਲੀ।

'ਹਾਲ ਕੀ ਹੌਣੈ ਇਸ ਖੱਜਲ-ਖੁਆਰੀ 'ਚ। ਹਰ ਮਹੀਨੇ ਤਰੀਕਾਂ ਭੁਗਤ-ਭੁਗਤ ਥੱਕ ਗਿਆਂ। ਲੱਗਦੈ ਇੱਥੇ ਈ ਖ਼ੁਆਰ ਹੋ ਜਾਵਾਂਗਾ ਤੇ ਜ਼ਿੰਦਗੀ ਇੱਥੇ ਈ ਬਰਬਾਦ ਹੋ ਜਾਵੇਗੀ। ਦਿਲ ਤਾਂ ਕਰਦੈ ਇਸ ਜ਼ਿੰਦਗੀ ਨਾਲੋਂ ਤਾਂ ਕੁਝ ਖਾ ਕੇ ਮਰ ਜਾਵਾਂ, ਕਿੱਸਾ ਈ ਖ਼ਤਮ ਹੋ ਜਾਵੇ।"

'ਕਿਉਂ?' ਅੱਖਾਂ ਟੱਡਦਿਆਂ ਮੀਤ ਨੇ ਇਕਦਮ ਆਪਣਾ ਹੱਥ ਦਲਜੀਤ ਦੇ ਹੱਥ 'ਤੇ ਰੱਖ ਦਿੱਤਾ।

"ਓਹ! ਤਾਂ ਤੈਨੂੰ ਅਜੇ ਵੀ ਮੇਰੀ ਪਰਵਾਹ ਐ! ਕਹਿੰਦਿਆਂ ਦਲਜੀਤ ਨੇ ਉਸ ਦੀਆਂ ਅੱਖਾਂ 'ਚ ਝਾਕਿਆ। ਉਸ ਨੇ ਇੰਨਾ ਕਹਿਣ ਦੀ ਦੇਰ ਸੀ ਕਿ ਮੀਤ ਦੀਆਂ ਅੱਖਾਂ ਛਲਕ ਪਈਆਂ।

'ਤੇ ਹੋਰ ਕੀ...? ਤੁਹਾਨੂੰ ਕੀ ਲੱਗਦੈ ਤੁਸੀਂ ਇਕੱਲੇ ਈ ਖ਼ੁਆਰ ਹੋਏ ਪਏ ਓ, ਮੈਂ ਨਹੀਂ...। ਅੰਦਰੋਂ ਤਾਂ ਮੈਂ ਵਲੂੰਧਰੀ ਪਈ ਆਂ। ਇਕੱਲੀ ਬੈਠੀ ਰੋਂਦੀ ਰਹਿੰਦੀ ਆਂ। ਕੀ ਕਹਾਂ ਕਿਸੇ ਨੂੰ ਕਿ ਮੈਂ ਤੁਹਾਨੂੰ ਯਾਦ ਕਰ ਕਰ ਕੇ ਰੋਂਦੀ ਆਂ।'

'ਬਸ ਇਕ ਜ਼ਿੱਦ ਈ ਐ, ਜਿਹੜੀ ਹਰ ਵਾਰ ਸਾਨੂੰ ਏਥੇ ਖਿੱਚ ਲਿਆਉਂਦੀ ਏ। ਨਾ ਤੁਹਾਡਾ ਪਰਿਵਾਰ ਝੁਕਣ ਲਈ ਤਿਆਰ ਐ, ਨਾ ਈ ਮੇਰਾ। ਤੇ ਅਸੀਂ ਦੋਹਾਂ ਪਰਿਵਾਰਾਂ ਵਿਚਕਾਰ ਫਸੇ ਪਏ ਆਂ।'

'ਪਰ ਹੁਣ.... ਸੋਚ-ਸੋਚ ਕੇ ਮੈਨੂੰ ਲੱਗਦੈ ਗ਼ਲਤੀ ਮੇਰੀ ਹੀ ਸੀ... ਮੈਂ ਈ ਜਲਦੀ ਕਾਹਲੀ ਪੈ ਗਈ। ਤੁਹਾਡੇ ਨਾਲ ਮੈਂ ਈ ਅਡਜਸਟ ਨਹੀਂ ਕਰ ਸਕੀ। ਤਾਂ ਹੀ ਤਾਂ ਇੰਜ ਇਕ-ਦੂਜੇ ਤੋਂ ਇੰਨੀ ਦੂਰ ਅੱਜ ਇੱਥੇ ਖੜ੍ਹੇ ਆਂ...।'



'ਨਹੀਂ ਮੀਤ ਗ਼ਲਤੀ ਮੇਰੀ ਸੀ। ਮੈਂ ਈ ਤੇਰੀਆਂ ਭਾਵਨਾਵਾਂ ਨੂੰ ਸਮਝ ਨਾ ਸਕਿਆ। ਦੂਜਿਆਂ ਮਗਰ ਲੱਗ-ਲੱਗ ਤੈਨੂੰ ਬੁਰਾ ਭਲਾ ਕਹਿੰਦਾ ਰਿਹਾ। ਗ਼ਾਲੀ-ਗਲੋਚ ਕਰਦਾ ਰਿਹਾ। ਇੱਥੋਂ ਤੱਕ ਕਿ ਇਕ ਦਿਨ ਤਾਂ ਤੈਨੂੰ ਥੱਪੜ ਵੀ ਮਾਰ ਦਿੱਤਾ। ਬਾਅਦ 'ਚ ਬਹੁਤ ਪਛਤਾਇਆ ਮੈਂ। ਅਪਾਣਾ ਸੁਨਹਿਰੀ ਸਮਾਂ ਤਾਂ ਅਸਾਂ ਲੜ-ਝਗੜ ਕੇ ਹੀ ਬਿਤਾ ਲਿਆ।'

'ਪਰ.... ਹੁਣ.... ਹੁਣ.... ਕੀ ਹੋ ਸਕਦੈ... ਹੁਣ ਤਾਂ ਫੈਸਲੇ ਦਾ ਈ ਇੰਤਜ਼ਾਰ ਕਰਨਾ...।'

'ਨਹੀਂ ਮੀਤ.... ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਚੱਲ ਉੱਠ ਤੁਰ ਮੇਰੇ ਨਾਲ... ਇੱਥੇ ਬੈਠਿਆਂ ਤਾਂ ਉਮਰਾਂ ਬੀਤ ਜਾਣਗੀਆਂ। ਆਜਾ ਛੱਡਦੇ ਸਾਰੇ ਗਿਲੇ-ਸ਼ਿਕਵੇ। ਆ ਚੱਲ.... ਮੁੜ ਤੋਂ ਨਵੀਂ ਜ਼ਿੰਦਗੀ ਸ਼ੁਰੂ ਕਰੀਏ।' ਦਲਜੀਤ ਨੇ ਮੀਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

'ਪਰ.....! ਆਪਣੇ ਪਰਿਵਾਰ ਵਾਲੇ!! ਉਹ ਇਵੇਂ ਰਾਜ਼ੀ ਨਹੀਂ ਹੋਣਗੇ...।'

'ਕਿਉਂ ਨਹੀਂ ਹੋਣਗੇ? ਉਹ ਵੀ ਤਾਂ ਦਿਲੋਂ ਮਿਲਣਾ ਈ ਚਾਹੁੰਦੇ ਹੋਣੇ....।'

'ਚੱਲ ਉੱਠ....'ਤੇ ਦਲਜੀਤ ਨੇ ਮੀਤ ਦਾ ਹੱਥ ਘੁੱਟ ਕੇ ਫੜ ਲਿਆ। ਦਲਜੀਤ ਨੂੰ ਇੱਧਰ-ਉੱਧਰ ਦੇਖਦਿਆਂ ਉਸ ਦੇ ਪਰਿਵਾਰ ਵਾਲੇ ਤੇ ਮੀਤ ਦੇ ਘਰ ਦੇ ਵੀ ਉੱਤੇ ਪੁੱਜ ਗਏ। ਤੇ ਉੱਥੋਂ ਦਾ ਨਜ਼ਾਰਾ ਦੇਖ ਕੇ ਦੰਗ ਰਹਿ ਗਏ ਤੇ ਇਕ-ਦੂਜੇ ਦੇ ਮੂੰਹ ਵੱਲ ਦੇਖਣ ਲੱਗੇ।

'ਆਪਣੀ ਵਾਰੀ ਆਉਣ ਵਾਲੀ ਏ ਮੀਤ....।' ਅਚਾਨਕ ਈ ਮੀਤ ਦੇ ਵੱਡੇ ਭਰਾ ਨੇ ਵੀ ਆਉਂਦਿਆਂ ਹੀ ਕਿਹਾ।

'ਨਹੀਂ ਵੀਰੇ, ਹੁਣ ਕਿਸੇ ਵਾਰੀ ਦੀ ਲੋੜ ਨੀਂ...। ਮੈਨੂੰ ਅਸਲੀ ਰਾਹ ਲੱਭ ਗਿਆ ਏ।'

'ਪਰ ਇਵੇਂ ਕਿਵੇਂ... ਇਹ ਕਿੱਦਾਂ ਹੋ ਸਕਦਾ... ਬਿਨਾਂ ਕਿਸੇ ਫੈਸਲੇ ਤੋਂ ਤੁਸੀਂ....।' ਪਰ ਕੋਈ ਹੋਰ ਕੁਝ ਬੋਲਦਾ ਇਸ ਤੋਂ ਪਹਿਲਾਂ ਈ ਦੋਵੇਂ ਇਕ-ਦੂਜੇ ਦਾ ਹੱਥ ਫੜੀ ਕਚਹਿਰੀ ਤੋਂ ਬਾਹਰ ਨਿਕਲ ਗਏ। ਉਹਨਾਂ ਨੂੰ ਇਵੇਂ ਹੱਥ 'ਚ ਹੱਥ ਫੜੀ ਜਾਂਦੇ ਦੇਖ ਦੋਹਾਂ ਪਰਿਵਾਰਾਂ ਵਾਲਿਆਂ ਦੇ ਗੁੱਸੇ ਭਰੇ ਚਿਹਰੇ ਹੌਲੇ-ਹੌਲੇ ਮੁਸਕਰਾਹਟ 'ਚ ਬਦਲ ਗਏ।

**42, ਗਲੀ ਨੰ. 2, ਕੁੰਦਨ ਨਗਰ ਐਕਸ. 2,ਫਿਰੋਜ਼ਪੁਰ ਸ਼ਹਿਰ**

◆◆◆

## ਪੁਸਤਕ ਪ੍ਰਾਪਤੀ

1. ਇੰਗਲੈਂਡ ਵਿੱਚ ਵਿਚਰਦਿਆਂ (ਸਫ਼ਰਨਾਮਾ) – ਜੰਗ ਬਹਾਦਰ ਸਿੰਘ ਘੁੰਮਣ
2. ਕੁਰਸੀਆਂ ਤੇ ਆਮ ਆਦਮੀ (ਕਹਾਣੀ ਸੰਗ੍ਰਹਿ) –ਸੁਖਮਿੰਦਰ ਸਿੰਘ ਸੇਖੋਂ
3. ਤੁਰਾਂ ਮੈਂ ਨਦੀ ਦੇ ਨਾਲ ਨਾਲ (ਕਹਾਣੀ ਸੰਗ੍ਰਹਿ) – ਪ੍ਰੋ. ਹਮਦਰਦਵੀਰ ਨੌਸ਼ਹਿਰਵੀ
4. ਮੈਂ ਮੀਲ ਪੱਥਰ ਹਾਂ (ਗ਼ਜ਼ਲ ਸੰਗ੍ਰਹਿ) – ਜਨਕਪ੍ਰੀਤ ਬੇਗੋਵਾਲ
5. ਖਜ਼ਾਨਾ (ਕਾਵਿ ਸੰਗ੍ਰਹਿ) – ਮਹਿੰਦਰ ਮਾਨ
6. ਸ਼ੇਰਨੀਆਂ (ਕਾਵਿ ਸੰਗ੍ਰਹਿ) – ਰਾਮ ਲਾਲ ਭਗਤ
7. ਲਹਿਰਾਂ ਦੇ ਸੰਗ (ਕਾਵਿ ਸੰਗ੍ਰਹਿ) ਮਹਿੰਦਰ ਸਿੰਘ ਮੁਸਾਫ਼ਰ
8. ਨਵੀਂ ਸੋਚ ਪੁਰਾਣੀ ਗੱਲ (ਬਾਲ ਕਵਿਤਾਵਾਂ) – ਮਹਿੰਦਰ ਸਿੰਘ ਮੁਸਾਫ਼ਰ
9. ਯਾਦਗਾਰੀ ਗੇਟ (ਕਹਾਣੀ ਸੰਗ੍ਰਹਿ) – ਲਾਲ ਸਿੰਘ ਕਲਸੀ

# ਪਰਚਾ

**ਸਤਵਿੰਦਰ ਬੇਗੋਵਾਲੀਆ**

ਡਾ. ਵਿਕਰਮ ਨੇ ਇੱਕ ਨਵੇਂ ਲੇਖਕ ਦੀ ਕਾਵਿ-ਪੁਸਤਕ ਸਬੰਧੀ ਪਰਚਾ ਲਿਖ ਦਿੱਤਾ ਸੀ, ਜੋ ਉਸ ਨੇ ਪੁਸਤਕ ਦੀ ਘੁੰਡ ਚੁਕਾਈ ਸਮਾਰੋਹ ਵਿੱਚ ਪੇਸ਼ ਕਰਨਾ ਸੀ। ਡਾ. ਵਿਕਰਮ ਨਿਰਧਾਰਤ ਵਕਤ ਠੀਕ ਗਿਆਰਾਂ ਵਜੇ ਉਸ ਹਾਲ ਵਿੱਚ ਪਹੁੰਚ ਗਿਆ, ਜਿਥੇ ਸਮਾਗਮ ਰੱਖਿਆ ਸੀ। ਹਾਲ ਅੰਦਰ ਲੋਕਾਂ ਦੀ ਭਾਰੀ ਭੀੜ ਵੇਖ ਕੇ ਉਸ ਨੂੰ ਬੇਚੈਨੀ ਹੋਈ। ਉਹ ਤਾਂ ਰਾਹ ਵਿੱਚ ਸੋਚ ਰਿਹਾ ਸੀ ਕਿ ਪੰਦਰਾਂ ਵੀਹ ਲੇਖਕ ਹੋਣਗੇ ਪਰ ਇਥੇ ਤਾਂ.... ਉਫ਼..... ਮੇਲਾ ਲੱਗਾ ਸੀ। ਲੋਕ ਮਿਠਾਇਆਂ ਅਤੇ ਪਕੌੜਿਆਂ ਨਾਲ ਭਰੀਆਂ ਪਲੇਟਾਂ ਖਾਲੀ ਕਰ ਰਹੇ ਸਨ। ਅਚਾਨਕ ਗਜ਼ਲਕਾਰ ਕੁਲਵੰਤ ਸਿੰਘ ਮਿਲ ਗਿਆ।

"ਇੰਨਾ ਖਰਚ?" ਵਿਕਰਮ ਨੇ ਕੁਲਵੰਤ ਸਿੰਘ ਨਾਲ ਗੱਲ ਸਾਂਝੀ ਕੀਤੀ।

"ਇੱਥੇ ਤਾਂ ਲੰਚ ਦਾ ਵੀ ਪ੍ਰੋਗਰਾਮ ਏ, ਲੰਚ ਵੀ ਹੋਵੇਗਾ ਵਿਆਹਾਂ ਵਰਗਾ।"

ਕੁਲਵੰਤ ਸਿੰਘ ਨੇ ਉਸ ਦੀ ਜਾਣਕਾਰੀ ਵਿੱਚ ਵਾਧਾ ਕਰ ਦਿੱਤਾ।

ਹਾਲ ਅੰਦਰ ਸਟੇਜ ਸਕੱਤਰ ਉੱਚੀ ਆਵਾਜ਼ ਵਿੱਚ ਰਿਲੀਜ਼ ਹੋ ਰਹੀ ਪੁਸਤਕ ਬਾਰੇ ਚਲਦੀ ਚਲਦੀ ਜਿਹੀ ਗੱਲ ਕਰ ਰਿਹਾ ਸੀ। ਡਾ. ਵਿਕਰਮ ਅਤੇ ਕੁਲਵੰਤ ਸਿੰਘ ਗੁਆਚੀ ਗਾਂ ਵਾਂਗ ਬੈਠ ਗਏ। ਸਟੇਜ ਸਕੱਤਰ ਨੇ ਡਾ. ਵਿਕਰਮ ਨੂੰ ਪਰਚਾ ਪੜ੍ਹਨ ਦਾ ਸੱਦਾ ਦਿੱਤਾ। ਪਰ ਹਾਲ ਅੰਦਰ ਸ਼ੋਰ ਇੰਨਾ ਜ਼ਿਆਦਾ ਸੀ ਕਿ ਡਾ. ਵਿਕਰਮ ਵੱਲੋਂ ਪੜ੍ਹੇ ਜਾ ਰਹੇ ਪਰਚੇ ਵੱਲ ਕਿਸੇ ਦਾ ਕੋਈ ਖਿਆਲ ਨਹੀਂ ਸੀ। ਅਚਾਨਕ ਹਾਰਾਂ ਨਾਲ ਲੱਦੇ ਹਲਕਾ ਵਿਧਾਇਕ ਆਪਣੇ ਲਾਮ ਲਸ਼ਕਰ ਸਮੇਤ ਪ੍ਰਧਾਨਗੀ ਮੰਡਲ ਵਾਲੀਆਂ ਕੁਰਸੀਆਂ ਤੇ ਬਿਰਾਜਮਾਨ ਹੋ ਗਏ। ਗਰਮੀ ਅਤੇ ਸ਼ੋਰ ਦਰਮਿਆਨ ਵਿਕਰਮ ਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਪਰੇਸ਼ਾਨੀ ਦਾ ਪ੍ਰਭਾਵ ਛੱਡ ਰਹੀਆਂ ਸਨ। ਪਰਚਾ ਪੜ੍ਹਿਆ ਗਿਆ ਪਰ ਸੁਣਿਆ ਨਾ ਗਿਆ। ਹਲਕਾ ਵਿਧਾਇਕ ਅਤੇ ਪੰਜ ਸੱਤ ਸਥਾਨਕ ਲੀਡਰ ਪੁਸਤਕ ਰਿਲੀਜ਼ ਕਰ ਕੇ ਨਵੇਂ ਲੇਖਕ ਨੂੰ ਵਧਾਈ ਦੇ ਰਹੇ ਸਨ। ਉਧਰ ਵਿਕਰਮ ਪਰਚੇ ਵਾਲੇ ਕਾਗਜ਼ ਦਾ ਪੱਖਾ ਜਿਹਾ ਬਣਾ ਕੇ ਮੱਥੇ ਉਪਰ ਆਏ ਪਸੀਨੇ ਨੂੰ ਸੁਕਾਉਣ ਦੀ ਕੋਸ਼ਿਸ਼ ਕਰਦਾ ਹਾਲ 'ਚੋਂ ਬਾਹਰ ਜਾ ਰਿਹਾ ਸੀ।

◆◆◆

# ਖੇਡ

**ਡਾ. ਕਰਮਜੀਤ ਸਿੰਘ ਨਡਾਲਾ**

ਫੇਰੇ ਹੋ ਗਏ ਸਨ। ਨਵੀਂ ਜੋੜੀ ਸਟੇਜ 'ਤੇ ਬੈਠੀ ਸ਼ਗਨਾਂ ਨਾਲ ਝੋਲੀਆਂ ਭਰ ਰਹੀ ਸੀ। ਮੁੰਡਾ ਚੜ੍ਹਦੇ ਸੂਰਜ ਦੀ ਲਾਲੀ ਵਰਗਾ। ਕੁੜੀ ਉਸਤੋਂ ਦੁਗਣੀ ਉਮਰ ਦੀ ਤੇ ਚੂਪੇ ਅੰਬ ਵਰਗੀ ਦੁਹਾਜੂ।

ਅੱਠ ਕੁ ਸਾਲ ਪਹਿਲਾਂ ਵੀ ਉਹ ਇਸੇ ਸਟੇਜ 'ਤੇ ਬੈਠੀ ਸੀ। ਉਦੋਂ ਉਹ ਭਰ ਜੁਆਨ ਸੀ ਤੇ ਪਤੀ ਦੁਗਣੀ ਉਮਰ ਦਾ। ਅਮਰੀਕਾ ਜਾਣ ਲਈ ਕੁਰਬਾਨੀ ਤਾਂ ਦੇਣੀ ਹੀ ਪੈਣੀ ਸੀ।

ਫਿਰ ਉਸ ਨੇ ਬੈਠੀ-ਬੈਠੀ ਨੇ ਹੀ ਸੋਚ ਲਿਆ ਸੀ, ਉਹਦਾ ਤਾਂ ਅਮਰੀਕਾ ਪਹੁੰਚਣਾ ਹੀ



ਮਿਸ਼ਨ ਸੀ। ਪੱਕਿਆਂ ਹੁੰਦਿਆਂ ਹੀ ਏਸ ਬੁੱਢੇ ਦੇ ਢੂਹੇ 'ਤੇ ਲੱਤ ਮਾਰੇਗੀ।



ਹੁਣ ਦੂਸਰੀ ਵਾਰੀ ਵਿਆਹ ਦੇ ਨਾਲ ਸੂਟ 'ਚ ਫੱਬੀ, ਗੱਭਰੂ ਪਤੀ ਵਲ ਵਾਰ-ਵਾਰ ਕੁਵੱਖਾ ਜਿਹਾ ਝਾਕਦੀ। ਉਹ ਸੋਚਦੀ ਕਿਆ ਕਮਾਲ ਹੈ, ਅਮਰੀਕਾ ਦੇ ਗਰੀਨ ਕਾਰਡ 'ਚ। ਕਿੰਨੀ ਤਾਕਤ ਹੁੰਦੀ ਹੈ। ਕਿਵੇਂ ਇਸ ਉਮਰੇ ਵੀ ਸਿਰੇ ਦਾ ਪੜ੍ਹਿਆ-ਲਿਖਿਆ ਤੇ ਜਵਾਨ ਬਟੇਰਾ ਮਿਲ ਗਿਆ। ਜੋ ਵਿਦੇਸ਼ ਜਾਣ ਲਈ ਉਹਦੀਆਂ ਲਾਲਾਂ ਚੱਟਣ ਨੂੰ ਵੀ ਤਿਆਰ ਏ। ਉਹਨੂੰ ਆਪਣੀ ਕਿਸਮਤ 'ਤੇ ਮਾਣ ਮਹਿਸੂਸ ਹੋਇਆ। ਸੱਚੀਂ ਉਹਦਾ ਤਾਂ ਚੰਗਾ ਦਾਅ ਲੱਗ ਗਿਆ ਸੀ। ਹੁਣ ਇਹਦੇ ਨਾਲ ਰਹਿਕੇ ਮੇਰੇ ਅੱਧਖੜ ਹੋ ਰਹੇ ਸਰੀਰ 'ਚ ਦੁਬਾਰਾ ਜਵਾਨੀ ਆ ਜੂ। ਹਾਏ!! ਮੈਂ ਤਾਂ ਹੁਣ ਸਾਰੀ ਉਮਰ ਇਹਦੇ 'ਤੇ ਮਰ-ਮਰ ਜਾਵਾਂਗੀ। ਇਸ ਉਮਰੇ ਆਪਣੇ ਤੋਂ ਅੱਧੀ ਉਮਰ ਦਾ ਗੱਭਰੂ ਮਿਲਣਾ ਤਾਂ ਘਿਓ ਖਾਣ ਦੇ ਬਰਾਬਰ ਏ।

ਉਸ ਨੂੰ ਨਾਲ ਬੈਠੀ ਨੂੰ ਆਪ-ਮੁਹਾਰੀਆਂ ਕੁਤਕੁਤਾਰੀਆਂ ਜਿਹੀਆਂ ਨਿਕਲੀ ਜਾਂਦੀਆਂ, ਜਿਵੇਂ ਨਾਲ ਬੈਠਾ ਪਤੀ ਚੋਰੀ-ਚੋਰੀ ਸ਼ਰਾਰਤਾਂ ਕਰ ਰਿਹਾ ਹੋਵੇ।

"ਕੀ ਗੱਲ ਬੋਲਦੇ ਨਹੀਂ... ਮੇਰੇ ਵੱਲ ਦੇਖੀ ਹੀ ਜਾਂਦੇ ਓ.... ਕੋਈ ਗੱਲ ਵੀ ਕਰੋ...।"

ਪਰ ਮੁੰਡਾ ਤਾਂ ਲੋੜੋਂ ਵੱਧ ਸੰਗਦਾ ਹੋਇਆ ਬੋਲਿਆ, "ਕੀ ਗੱਲ ਕਰਾਂ.... ਮੈਂ ਤਾਂ ਬੜਾ ਹੀ ਖੁਸ਼ ਆਂ... ਮੈਥੋਂ ਤਾਂ ਖੁਸ਼ੀ ਲੁਕਾਈ ਹੀ ਨਹੀਂ ਜਾਂਦੀ....।"

ਮੁੰਡਾ ਬੈਠਾ ਸੋਚਦਾ, ਮੇਰੀ ਮਾਂ ਦੀ ਉਮਰ ਦੀ ਏ। ਚਲੋ ਖ਼ੈਰ, ਕੋਈ ਪਰਵਾਹ ਨਹੀਂ, ਉਮਰ ਦਾ ਕੀ ਏ। ਮੈਨੂੰ ਅਮਰੀਕਾ ਵੀ ਤਾਂ ਇਹਨੇ ਹੀ ਖੜਨਾ ਏ।

ਜਿਵੇਂ ਕਦੀ ਜਵਾਨੀ 'ਚ ਉਹ ਸੋਚਦੀ ਹੁੰਦੀ ਸੀ। ਅੱਜ ਇਹ ਗੱਭਰੂ ਵੀ ਉਸ ਪ੍ਰਕਾਰ ਦੇ ਵੇਗ 'ਚ ਵਹਿ ਰਿਹਾ ਸੀ। ਉਹ ਸੋਚਦਾ, ਕਿਹੜੀ ਘੜੀ ਹੋਵੇ ਜਦੋਂ ਅਮਰੀਕਾ ਪਹੁੰਚਕੇ ਇਸ ਸੈਕੰਡ ਹੈਂਡ ਰੰਨ ਨੂੰ ਮਗਰੋਂ ਲਾਹਵੇ।

ਜਿਵੇਂ ਨਾਲ ਦੀ ਤਨੇ ਪਹਿਲੇ ਪਤੀ ਨਾਲ ਖੇਡ-ਖੇਡੀ ਸੀ ਤੇ ਹੁਣ ਉਹ ਆਪ ਬੈਠੀ ਉਹਨਾਂ ਹਾਲਾਤਾਂ ਦੀ ਹੀ ਸ਼ਿਕਾਰ ਹੋ ਰਹੀ ਸੀ।

ਪੈਲਸ ਵੀ ਉਹੋ ਸੀ। ਸਟੇਜ ਵੀ ਉਹੋ ਸੀ। ਭੰਗੜੇ ਵੀ ਸਾਮ੍ਹਣੇ ਉਵੇਂ ਹੀ ਪੈ ਰਹੇ। ਉਹ ਇੱਕ ਦੂਜੇ ਦੀ ਖੇਡ ਤੋਂ ਪੂਰੀ ਤਰ੍ਹਾਂ ਅਣਜਾਣ ਸਨ। ਪਰ ਉਹ ਤਾਂ ਦੋਵੇਂ ਹੀ ਬਿੱਲੀ ਚੂਹੇ ਦੀ ਖੇਡ, ਖੇਡ ਰਹੇ ਸਨ।

ਪਰ ਬੜੀ ਹੈਰਾਨੀ ਦੀ ਗੱਲ ਸੀ, ਉਹ ਫਿਰ ਵੀ ਇੱਕ-ਦੂਜੇ ਵੱਲ ਵੇਖ-ਵੇਖ ਮੁਸਕਰਾਅ ਰਹੇ ਸਨ।

**ਵਾਲੀਆ ਹਸਪਤਾਲ,**
**ਨਡਾਲਾ (ਕਪੂਰਥਲਾ) -144624**
**98151-86532**

◆◆◆

# ਕਹਾਣੀ ਕਮਰਾ

**ਪ੍ਰਤਾਪ ''ਪਾਰਸ'' ਗੁਰਦਾਸਪੁਰੀ''**

ਅੱਜ ਪਰਸ ਰਾਮ ਨੂੰ ਆਪਣਾ ਕਮਰਾ ਖਾਲੀ ਕਰਕੇ ਮੰਮਟੀ ਵਿੱਚ ਜਾਣਾ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਕੋਈ ਸੰਨ ਸੰਤਾਲੀ ਵਿਚ ਹੋਈ ਦੇਸ਼ ਦੀ ਵੰਡ ਵੇਲੇ ਆਪਣਾ ਬਣਿਆ-ਬਣਾਇਆ ਘਰ ਛੱਡ ਕੇ ਪਾਕਿਸਤਾਨ ਜਾ ਰਿਹਾ ਹੋਵੇ। ਕਿਉਂਕਿ ਉਸ ਕਮਰੇ ਨਾਲ ਉਸ ਦਾ ਖ਼ਾਸ ਮੋਹ ਇਸ ਕਰਕੇ ਸੀ ਕਿ ਉਸ ਦੀ ਘਰਵਾਲੀ ਹੰਸੋ ਵਿਆਹੀ ਹੋਈ ਏਸੇ ਕਮਰੇ ਵਿੱਚ ਆਈ ਸੀ ਤੇ ਏਸੇ ਕਮਰੇ ਵਿਚ ਹੀ ਉਸਦੀ ਮਾਂ ਨੇ ਸਾਰੇ ਸ਼ਗਨ-ਵਿਹਾਰ ਕੀਤੇ ਸਨ ਤੇ ਫਿਰ ਉਸਦੀ ਤੇ ਹੰਸੋ ਦੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵੀ ਏਸੇ ਕਮਰੇ ਤੋਂ ਹੋਈ ਸੀ ਤੇ ਇਸ ਤੋਂ ਵੀ ਅਹਿਮ ਕਿ ਹੰਸੋ ਨੇ ਆਪਣੀ ਜ਼ਿੰਦਗੀ ਦਾ ਅੰਤਿਮ ਸਾਹ ਵੀ ਇਸ ਕਮਰੇ ਵਿਚ ਲਿਆ ਸੀ। ਉਸ ਦਿਨ ਤੋਂ ਤਾਂ ਪਰਸ ਰਾਮ ਜਿਵੇਂ ਇਸ ਕਮਰੇ ਨਾਲ ਪਰਨਾਇਆ ਹੀ ਗਿਆ ਹੋਵੇ, ਇਸ ਕਮਰੇ ਵਿੱਚੋਂ ਦਫ਼ਤਰ ਤੇ ਦਫ਼ਤਰੋਂ ਇਸ ਕਮਰੇ ਵਿੱਚ। ਖਾਣਾ-ਪੀਣਾ ਸੌਣਾ ਇਸ ਕਮਰੇ ਵਿਚ ਹੀ ਹੁੰਦਾ। ਉਹ ਦਿਨ-ਰਾਤ ਹੰਸੋ ਨੂੰ ਇਸ ਕਮਰੇ ਵਿਚ ਮਹਿਸੂਸ ਕਰਦਾ। ਕਈ ਵਾਰੀ ਤਾਂ ਉਹ ਕਿੰਨੀ-ਕਿੰਨੀ ਦੇਰ ਤੱਕ ਇਸ ਕਮਰੇ ਵਿਚ ਸਾਹਮਣੇ ਦੀਵਾਰ 'ਤੇ ਲੱਗੀ ਹੰਸੋ ਦੀ ਤਸਵੀਰ ਨਾਲ ਗੱਲਾਂ ਕਰਦਾ ਰਹਿੰਦਾ। ਆਪਣੇ ਅਤੇ ਬੱਚਿਆਂ ਬਾਰੇ ਉਸ ਨੂੰ ਕਈ ਨਵੀਆਂ ਅਤੇ ਪੁਰਾਣੀਆਂ ਗੱਲਾਂ ਸੁਣਾਉਂਦਾ ਤੇ ਫਿਰ ਜਦੋਂ ਉਹ ਹੰਸੋ ਦੀ ਯਾਦ 'ਚੋਂ ਬਾਹਰ ਨਿਕਲਦਾ ਤਾਂ ਉੱਚੀ-ਉੱਚੀ ਧਾਹਾਂ ਮਾਰਨ ਲੱਗ ਜਾਂਦਾ। ਦੋ ਲੜਕੇ ਤੇ ਇਕ ਲੜਕੀ ਦੀ ਪਰਵਰਿਸ਼ ਪਤਾ ਨਹੀਂ ਪ੍ਰਮਾਤਮਾ ਨੇ ਕਿੰਝ ਆਪ ਹੀ ਕਰ ਦਿੱਤੀ ਲੜਕੀ ਦਾ ਵਿਆਹ ਹੰਸੋ ਦੀ ਖਾਹਿਸ਼ ਦੇ ਮੁਤਾਬਿਕ ਇਕ ਸਰਕਾਰੀ ਮੁਲਾਜ਼ਮ ਨਾਲ ਹੋ ਗਿਆ ਉਹ ਆਪਣੇ ਘਰ ਰਾਜੀ-ਖੁਸ਼ੀ ਜ਼ਿੰਦਗੀ ਬਤੀਤ ਕਰਨ ਲੱਗ ਪਈ। ਓਧਰ ਵੱਡੇ ਲੜਕੇ ਦਾ ਏਹਾ ਸਬੱਬ ਬਣਿਆ ਕਿ ਉਹ ਸਟੱਡੀ ਬੇਸ 'ਤੇ ਅਸਟ੍ਰੇਲੀਆ ਗਿਆ ਤੇ ਜਲਦੀ ਹੀ ਪੱਕਾ ਹੋ ਕੇ ਓਧਰ ਹੀ ਸੈਟਲ ਹੋ ਗਿਆ। ਹੁਣ ਉਸ ਕੋਲ ਸਿਰਫ਼ ਆਸੂ ਹੀ ਇਕ ਸਹਾਰਾ ਰਹਿ ਗਿਆ ਸੀ ਪਰਸ ਰਾਮ ਨੇ ਆਪਣੀ ਰਿਟਾਇਰਮੈਂਟ ਦੇ ਕੁਝ ਮਹੀਨਿਆਂ ਬਾਅਦ ਹੀ ਆਸੂ ਦਾ ਵਿਆਹ ਇਕ ਪੜ੍ਹੀ-ਲਿਖੀ ਕੁੜੀ ਨਾਲ ਕਰ ਦਿੱਤਾ। ਉਹ ਨਹੀਂ ਚਾਹੁੰਦਾ ਸੀ ਕਿ ਆਸੂ ਦੀ ਘਰਵਾਲੀ ਨੌਕਰੀ ਕਰਦੀ ਹੋਵੇ ਕਿਉਂਕਿ ਉਸ ਨੂੰ ਪਤਾ ਸੀ ਕਿ ਨੌਕਰੀ ਕਰਦੀ ਲੜਕੀ ਕੋਲੋਂ ਮੇਰੇ ਘਰ ਦੇ ਹਾਲਾਤ ਹੈਂਡਲ ਨਹੀਂ ਹੋਣਗੇ ਤੇ ਬਾਕੀ ਉਹ ਆਰਥਿਕ ਪੱਖੋਂ ਆਸੂ ਨੂੰ ਕੋਈ ਤੰਗੀ ਨਹੀਂ ਆਉਣ ਦੇਵੇਗਾ ਕਿਉਂਕਿ ਉਸ ਦੀ ਪੈਨਸ਼ਨ ਵੀ ਤਾਂ ਇਨ੍ਹਾਂ ਦੋਹਾਂ ਜੋਗੀ ਹੀ ਸੀ।

ਸਮਾਂ ਆਪਣੀ ਰਫ਼ਤਾਰ ਠੀਕ ਚੱਲਦਾ ਜਾ ਰਿਹਾ ਸੀ। ਪਰਿਵਾਰ ਵਿਚ ਵਾਧਾ ਹੋਇਆ ਆਸੂ ਦੇ ਘਰ ਦੋ ਜੁੜਵਾਂ ਲੜਕੇ ਪੈਦਾ ਹੋਏ ਜਿਨ੍ਹਾਂ ਦੀ ਖੁਸ਼ੀ ਵਧੀਆ ਤਰੀਕੇ ਨਾਲ ਮਨਾਈ ਗਈ। ਓਧਰ ਪਰਸ ਰਾਮ ਦਿਨ-ਬ-ਦਿਨ ਬਜ਼ੁਰਗ ਹੋਣ ਕਰਕੇ ਕਮਜ਼ੋਰ ਹੋਈ ਜਾ ਰਿਹਾ ਸੀ, ਉਸ ਦਾ ਮੰਜੇ ਤੋਂ ਉੱਠਣਾ ਵੀ ਔਖਾ ਹੋ ਗਿਆ ਸੀ। ਜਿਉਂ-ਜਿਉਂ ਲੜਕੇ ਜਵਾਨ ਹੋ ਰਹੇ ਸਨ ਆਸੂ ਦੀ ਘਰਵਾਲੀ ਨੂੰ ਜਿਵੇਂ ਘੁਮੰਡ ਜਿਹਾ ਹੋਈ ਜਾ ਰਿਹਾ ਸੀ ਉਹ ਹੁਣ ਆਪਣੇ ਸਹੁਰੇ ਪਰਸ ਰਾਮ ਦੀ ਬਹੁਤੀ ਪਰਵਾਹ ਨਹੀਂ ਕਰਦੀ ਸੀ। ਉਸਦਾ ਕਿਹਾ ਅਣਗੌਲਿਆ ਜਿਹਾ ਕਰ ਛੱਡਦੀ ਤੇ ਖਾਣਾ ਠੰਡਾ ਦੇਣ ਦੇ ਨਾਲ-ਨਾਲ ਚਾਹ ਟਾਈਮ ਨਾਲ ਨਾ ਦਿੰਦੀ ਪਰਸ ਰਾਮ ਦਾ ਇਸ ਬਾਰੇ



ਆਪਣੇ ਲੜਕੇ ਆਸੂ ਨੂੰ ਦੱਸਣ 'ਤੇ ਤਾਂ ਜਿਵੇਂ ਉਹ ਉਸਦੇ ਵੈਰ ਹੀ ਪੈ ਗਈ ਹੋਵੇ ਕਿ ਇਹ ਤਾਂ ਹੁਣ ਮੈਨੂੰ ਨਜ਼ਰੀਂ ਹੀ ਨਹੀਂ ਪੈਣਾ ਚਾਹੀਦਾ। ਘਰਵਾਲੇ ਨੂੰ ਇਸ ਬਾਰੇ ਬਾਰ-ਬਾਰ ਤੰਗ ਕਰਨ ਲੱਗੀ ਕਿ ਉਹ ਉਸ ਦਾ ਸਮਾਨ ਚੁੱਕ ਕੇ ਮੰਮਟੀ ਵਾਲੇ ਕਮਰੇ ਵਿੱਚ ਰੱਖ ਆਵੇ। ਆਸੂ ਨੇ ਦੋ-ਤਿੰਨ ਵਾਰ ਤਾਂ ਉਸਦੀ ਇਹ ਗੱਲ ਜ਼ਿਆਦਾ ਨਾ ਗੌਲੀ ਆਖੀਰ ਇਕ ਦਿਨ ਉਸ ਨੇ ਆਸੂ ਦੇ ਡਿਊਟੀ ਆਉਣ ਤੋਂ ਪਹਿਲਾਂ ਖਾਣਾ ਵੀ ਨਾ ਬਣਾਇਆ ਅਤੇ ਆਸੂ ਦੇ ਆਉਣ 'ਤੇ ਇਕੋ ਹੀ ਮੰਗ ਰੱਖੀ ਕਿ ਘਰ ਵਿਚ ਖਾਣਾ ਫੇਰ ਹੀ ਬਣੇਗਾ ਪਹਿਲਾਂ ਉਹ ਆਪਣੇ ਪਿਤਾ ਦਾ ਸਮਾਨ ਉੱਪਰ ਮੰਮਟੀ ਵਾਲੇ ਕਮਰੇ ਵਿੱਚ ਛੱਡ ਕੇ ਆਵੇ। ਘਰਦੇ ਹਾਲਾਤ ਜ਼ਿਆਦਾ ਵਿਗੜਦੇ ਵੇਖ ਆਸੂ ਆਪਣੇ ਪਿਤਾ ਵਾਲੇ ਕਮਰੇ ਵਿਚ ਗਿਆ ਤੇ ਕਹਿਣ ਲੱਗਾ ''ਪਿਤਾ ਜੀ ਬੱਚੇ ਜਵਾਨ ਹੋ ਗਏ ਨੇ ਰਹਿਣ ਵਿਚ ਮੁਸ਼ਕਲ ਆ ਰਹੀ ਏ ਜੇਕਰ ਤੁਹਾਨੂੰ ਉੱਪਰ ਮੰਮਟੀ ਵਾਲੇ ਕਮਰੇ ਵਿਚ ਸ਼ਿਫ਼ਟ ਕਰ ਦਈਏ ਤਾਂ ਸਾਹਿਲ ਅਤੇ ਮੁਨੀਸ਼ ਨੂੰ ਸਟੱਡੀ ਰੂਮ ਮਿੱਲ ਜਾਵੇਗਾ''। ਆਪਣੇ ਬੇਟੇ ਦੇ ਮੂੰਹੋਂ ਨਿੱਕਲੇ ਇਹ ਲਫਜ਼ ਸੁਣ ਪਰਸ ਰਾਮ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਸਨੂੰ ਕੋਈ ਕਮਰੇ ਵਿੱਚੋਂ ਬਾਹਰ ਜਾਣ ਲਈ ਨਹੀਂ ਬਲਕਿ ਹੰਸੋ ਤੋਂ ਦੂਰ ਜਾਣ ਲਈ ਕਹਿ ਰਿਹਾ ਹੋਵੇ।

**ਹਰਦੋਛੰਨੀ ਰੋਡ ਪ੍ਰੇਮ ਨਗਰ, 787/10**
**ਨੇੜੇ ਮਹਿਤਾ ਪੀ.ਸੀ.ਓ.,**
**ਗੁਰਦਾਸਪੁਰ, ਫ਼ੋਨ 09988811681**

◆◆◆

# ਛਾਂਗਿਆ ਰੁੱਖ

**ਹਰਭਜਨ ਸਿੰਘ ਖੇਮਕਰਨੀ**

ਸੇਵਾ ਮੁਕਤ ਹੋਣ ਪਿੱਛੋ ਕੁੱਝ ਮਹੀਨਿਆਂ ਵਿਚ ਹੀ ਬਾਊ ਗਿਰਧਾਰੀ ਲਾਲ ਨੂੰ ਮਿਲੇ ਪੈਸਿਆਂ ਨੂੰ ਉਸਦੇ ਦੋਵਾਂ ਪੁੱਤਰਾਂ ਨੇ ਕਿਸੇ ਨਾ ਕਿਸੇ ਬਹਾਨੇ ਹਥਿਆ ਲਿਆ ਸੀ। ਹਰ ਮਹੀਨੇ ਮਿਲਦੀ ਪੈਨਸ਼ਨ ਵੀ ਉਹ ਕਿਸੇ ਨਾ ਕਿਸੇ ਬਹਾਨੇ ਖੋਹ ਲੈਂਦੇ ਸਨ। ਇਹ ਸੋਚਦਿਆਂ ਕਿ ਕਲ੍ਹ ਨੂੰ ਇਹ ਪੈਸੇ ਵੀ ਇਹਨਾਂ ਦੇ ਹੀ ਹੋ ਜਾਣੇ ਨੇ, ਉਹ ਉਜਰ ਨਾ ਕਰਦਾ। ਘਰ ਦੀ ਚੌਕੀਦਾਰੀ ਵੀ ਉਸ ਦੇ ਜ਼ਿੰਮੇ ਹੋਣ ਕਰਕੇ ਉਹ ਆਪਣੀ ਮਰਜ਼ੀ ਨਾਲ ਕਿਤੇ ਜਾ ਵੀ ਨਹੀਂ ਸੀ ਸਕਦਾ ਤਾਂ ਵੀ ਉਸਨੇ ਮਨ ਮਾਰ ਲਿਆ ਸੀ। ਪਿਛਲੇ ਮਹੀਨੇ ਉਸ ਦਾ ਮੰਜਾ ਆਪਣੇ ਹਥੀਂ ਬਣਾਏ ਮਕਾਨ ਦੇ ਸਟੋਰ-ਨੁਮਾ ਕਮਰੇ ਵਿਚ ਲਾਉਣ ਤੇ ਵੀ ਉਹ ਚੁੱਪ ਰਿਹਾ ਸੀ ਪਰ ਹੁਣ ਆਪਣੇ ਪ੍ਰਤੀ ਅਣਗਹਿਲੀ ਦਾ ਅਹਿਸਾਸ ਹੁੰਦਿਆਂ ਹੀ ਉਸਨੇ ਚੁੱਪ-ਚਾਪ ਹਮਦਰਦ ਬਿਰਧਘਰ ਵਿਚ ਕਮਰਾ ਲੈ ਲਿਆ। ਇਥੇ ਰਹਿੰਦੇ ਲਗ-ਭਗ ਪੈਂਤੀ ਕੁ ਬਜ਼ੁਰਗ ਮਰਦ-ਔਰਤਾਂ ਦੀਆਂ ਇਥੇ ਆਉਣ ਦੀਆਂ ਕਹਾਣੀਆਂ ਕੁਝ ਸ਼ਬਦਾਂ ਦੇ ਹੇਰ-ਫੇਰ ਨਾਲ ਰਲਦੀਆਂ ਮਿਲਦੀਆਂ ਹੋਣ ਕਰਕੇ ਕੁਝ ਹੀ ਦਿਨਾਂ ਵਿਚ ਉਹਨਾਂ ਨਾਲ ਰਚ-ਮਿਚ ਗਿਆ ਸੀ।

ਪੈਨਸ਼ਨ ਦੀ ਰਕਮ ਹੱਥੋਂ ਨਿਕਲ ਜਾਣ ਦੇ ਨਾਲ ਨਾਲ ਰਿਸ਼ਤੇਦਾਰਾਂ ਤੇ ਆਂਢ-ਗੁਆਂਢ ਰਹਿੰਦੇ ਲੋਕਾਂ ਦੇ ਤਾਅਨਿਆਂ ਤੋਂ ਪਰੇਸ਼ਾਨ ਗਿਰਧਾਰੀ ਲਾਲ ਦੇ ਦੋਵੇਂ ਪੁੱਤਰ ਆਪਣੇ ਪਿਤਾ ਨੂੰ ਵਾਪਸ ਘਰ ਲਿਆਉਣ ਦੇ ਮਨਸੂਬੇ ਘੜਣ ਲੱਗੇ ਪਰ ਕਿਸੇ ਨਾ ਕਿਸੇ ਗੱਲ ਤੇ ਸਹਿਮਤੀ ਨਾ ਬਣਦੀ। ਗਿਰਧਾਰੀ ਲਾਲ ਨੂੰ ਘਰੋਂ ਗਿਆਂ ਨੂੰ ਵੀ ਤਿੰਨ ਕੁ ਮਹੀਨੇ ਹੋ ਗਏ ਸਨ। ਆਖ਼ਰ

ਇਹ ਸੋਚਦਿਆਂ ਕਿ ਸ਼ਾਇਦ ਉਹਨਾਂ ਦੇ ਪਿਤਾ ਦਾ ਉੱਥੇ ਰਹਿੰਦਿਆਂ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਦਾ ਸਾਹਮਣਾ ਹੋਣ ਕਰਕੇ ਮਨ ਬਦਲ ਗਿਆ ਹੋਵੇ। ਉਸ ਦੇ ਦੋਵੇਂ ਮੁੰਡੇ ਅਪਣੀਆਂ ਪਤਨੀਆਂ ਤੇ ਬੱਚਿਆਂ ਸਮੇਤ ਉਸ ਕੋਲ ਆਏ ਤੇ ਘਰ ਚਲਣ ਲਈ ਕਹਿਣ ਲੱਗੇ ਤਾਂ ਉਸ ਦੇ ਕਈ ਸਾਥੀਆਂ ਨੇ ਵੀ ਉਸਨੂੰ ਘਰ ਚਲੇ ਜਾਣ ਦੀ ਸਲਾਹ ਦਿੱਤੀ।ਆਪਣੇ ਨਾਲ ਹੋਏ ਦੁਰ-ਵਿਵਹਾਰ ਨੂੰ ਚੇਤੇ ਕਰਕੇ ਉਹਨੇ ਘਰ ਜਾਣ ਤੋਂ ਕੋਰੀ ਨਾਂਹ ਕਰਦਿਆਂ ਪੈਨਸ਼ਨ ਵਿਚੋਂ ਬਚੇ ਪੈਸੇ ਬਰਾਬਰ ਦੇ ਦੋ ਲਿਫ਼ਾਫ਼ਿਆਂ ਵਿਚ ਪਾ ਕੇ ਆਪਣੇ ਪੁੱਤਰਾਂ ਨੂੰ ਦਿੰਦਿਆਂ ਕਿਹਾ, "ਦੋ ਤਿੰਨ ਮਹੀਨਿਆਂ ਪਿੱਛੋਂ ਇੰਵ ਹੀ ਆ ਕੇ ਪੈਸੇ ਲੈ ਜਾਇਆ ਕਰੋ।" ਲਫ਼ਾਫ਼ੇ ਵੇਖਦਿਆਂ ਹੀ ਸਾਰੇ ਪਰਿਵਾਰ ਦੇ ਚਿਹਰੇ ਖਿੜ੍ਹ ਗਏ।

ਪੁੱਤਰਾਂ ਦੇ ਜਾਣ ਪਿੱਛੋਂ ਗਿਰਧਾਰੀ ਲਾਲ ਦੇ ਕਮਰੇ ਦੇ ਸਾਥੀ ਨੇ ਨਿਹੋਰੇ ਨਾਲ ਕਿਹਾ, "ਯਾਰ, ਤੇਰੇ ਦਸੱਣ ਅਨੁਸਾਰ ਉਹ ਤੇਰੀ ਦੁਰਦਸ਼ਾ ਕਰਦੇ ਰਹੇ ਨੇ, ਤੂੰ ਉਹਨਾਂ ਨੂੰ ਫਿਰ ਵੀ ਪੈਸੇ ਦੇ ਦਿੱਤੇ ਨੇ, ਇਹ ਗੱਲ ਮੇਰੀ ਸਮਝ ਵਿਚ ਨਹੀਂ ਆ ਰਹੀ। ਜੇਕਰ ਉਹਨਾਂ ਨਾਲ ਐਨਾ ਹੇਜ਼ ਏ ਤਾਂ ਉਹਨਾਂ ਨਾਲ ਚਲਾ ਕਿਉਂ ਨਹੀਂ ਗਿਆ?"

"ਯਾਰ, ਪੈਸਿਆਂ ਦੇ ਲਾਲਚ ਕਰਕੇ ਦੋ-ਤਿੰਨਾਂ ਮਹੀਨਿਆਂ ਪਿੱਛੋਂ ਮਿਲ ਤਾਂ ਜਾਇਆ ਕਰਨਗੇ।" ਗਿਰਧਾਰੀ ਲਾਲ ਨੇ ਮੁਸਕਰਾਂਦਿਆਂ ਕਿਹਾ।

ਠੰਡਾ ਹਾਉਕਾ ਲੈਂਦਿਆਂ ਹਜ਼ਾਰਾ ਸਿੰਘ ਮਨ ਹੀ ਮਨ ਬੁੜਬੁੜਾਇਆ, "ਕਾਸ਼ ਮੇਰਾ ਮੁੰਡਾ ਵੀ...!"

**4381-A ਰਣਜੀਤਪੁਰਾ ਪੁਤਲੀਘਰ, ਅੰਮ੍ਰਿਤਸਰ, 98781-31525**

◆◆◆

# ਇਨਸਾਨ

ਰਜਿੰਦਰ ਨਾਗੀ,

ਅਸੀ ਕੁਝ ਦੋਸਤ ਇੱਕਠੇ ਹੋ ਕੇ ਸ਼ਿਮਲਾ ਘੁੰਮਣ ਫਿਰਨ ਲਈ ਜਾ ਰਹੇ ਸੀ।ਰਸਤੇ ਵਿਚ ਗੱਲਾਂਬਾਤਾਂ ਮਾਰ ਕੇ ਸਾਰੇ ਯਾਰ ਬੇਲੀ ਖੱਪ ਪਾਉਣ ਲੱਗੇ।ਸਫਰ ਕਰਨ ਦਾ ਆਨੰਦ ਆ ਰਿਹਾ ਸੀ।ਅਚਾਨਕ ਲੁਧਿਆਣਾ ਪਹੁੰਚ ਕੇ ਸਮਰਾਲਾ ਚੌਕ ਚ" ਕਾਫੀ ਭੀੜ ਇੱਕਠੀ ਹੋਈ ਦਿਸ ਰਹੀ ਸੀ।ਦੂਰੋ ਦੇਖ ਕੇ ਹੀ ਲੱਗਦਾ ਸੀ ਕਿ ਕੋਈ ਹਾਦਸਾ ਵਾਪਰ ਗਿਆ ਹੈ।ਅਸੀ ਗੱਡੀ ਹੌਲੀ ਕਰਕੇ ਭੀੜ ਤੋ ਅੱਗੇ ਜਾ ਕੇ ਰੋਕ ਲਈ।

ਮੈ ਆਪਣੇ ਦੋਸਤ ਨੂੰ ਕਿਹਾ;" ਜਾਹ ਯਾਰ ਦੇਖੀਂ ਕਿਉਂ ਰੌਲਾ ਪੈਦਾ ਕੀ ਹੋ ਗਿਆ।ਆਪ ਮੈ ਗੱਡੀ ਚਲਾਉਂਦਾ ਹੋਣ ਕਰਕੇ ਡਰਾਇਵਿੰਗ ਸੀਟ ਤੇ ਬੈਠਾ ਰਿਹਾ।ਉਹ ਗਿਆ ਤੇ ਭੱਜਿਆ ਭੱਜਿਆ ਗੱਡੀ ਵੱਲ ਆਇਆ ਤੇ ਕਹਿਣ ਲੱਗਾ, "ਚੱਲੋ ਯਾਰ ਉਹ ਤਾ ਭਈਆ ਸੀ।ਮੇਰਾ ਸਾਲਾ ਮਰ ਗਿਆ,ਟਰੱਕ ਥੱਲੇ ਆਕੇ, ਆਸੇ ਪਾਸੇ ਤੋਂ ਵੀ ਐਸੀਆਂ ਅਵਾਜ਼ਾਂ ਹੀ ਸੁਣਦੀਆਂ ਸੀ।ਮੈ ਸੋਚਣ ਲਈ ਮਜਬੂਰ ਸੀ ਕਿ ਆਖਿਰ ਸਾਡੇ ਲੋਕ ਇਹ ਗੱਲ ਕਦੋਂ ਕਹਿਣਗੇ ਕਿ ਬੁਰਾ ਹੋਇਆ ਇਕ ਵਾਹਨ ਚਾਲਕ ਦੀ ਗਲਤੀ ਨਾਲ ਇੱਕ ਇਨਸਾਨ ਦੀ ਮੌਤ ਹੋ ਗਈ।

**ਪਿੰਡ ਤੇ ਡਾਕਖਾਨਾ ਢੁੱਡੀ**
**ਫਰੀਦਕੋਟ, 9815106093**

◆◆◆



*ਰੇਡੀਓ ਨਾਟਕ*

# ਲਾਸਾਨੀ ਆਜ਼ਾਦੀ ਘੁਲਾਟੀਆ ਸ਼ਹੀਦ ਕਰਤਾਰ ਸਿੰਘ ਸਰਾਭਾ

**ਡਾ. ਜਗੀਰ ਸਿੰਘ ਨੂਰ**

(ਆਰੰਭ ਵਿਚ ਨੀਵੀਂ ਆਵਾਜ਼ ਤੋਂ ਉੱਚੀ ਹੁੰਦੀ ਸੁਰ 'ਚ ਇਹ ਬੋਲ ਸੁਣਦੇ ਹਨ ਕਿ—
" ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਇਸ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।..........

ਪਹਿਲਾ ਪਾਤਰ — ਵਾਹ ! ਵਾਹ !! ਧੰਨ ਸੈਂ ਤੂੰ ਕਰਤਾਰ ਸਿਹਾਂ ਸਰਾਭੇ ਵਾਲਿਆ ।

ਦੂਜਾ ਪਾਤਰ— ਸੱਚ ਮੁੱਚ ਬਈ ! ਮਾਂ ਜੰਮੇ ਤਾਂ ਇਹੋ ਜਿਹਾ ਸਪੂਤ ਜੰਮੇ ! ਜਿਹੜਾ ਗ਼ੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਨ ਦਾ ਮਾਰਗ ਦਰਸਾਵੇ।

ਪਹਿਲਾ ਪਾਤਰ— ( ਦੂਜੇ ਨੂੰ ) ਮੈਂ ਸੁਣਿਐਂ 16 ਨਵੰਬਰ 1915 ਨੂੰ ਸੱਤਾਂ ( ਛੇ ਹੋਰ ) ਮਹਾਨ ਗਦਰੀਆਂ ਨੂੰ ਗੋਰਿਆਂ ( ਅੰਗਰੇਜ਼ੀ ਹਕੂਮਤ ) ਨੇ ਫਾਂਸੀ ਲਾ ਦਿਤੈ, ਭਲਾ ਆਪਣੇ ਦੇਸ਼ ਵਿਚ ਆਜ਼ਾਦ ਵਿਚਰਨਾ ਗੁਨਾਹ ਏ।

ਦੂਜਾ ਪਾਤਰ— ਹਾਂ ਭਈ ਜਿੱਥੇ ਦਲੀਲ ਨਹੀਂ, ਜਿੱਥੇ ਅਪੀਲ ਨਹੀਂ, ਉਥੇ ਇਸ ਤਰ੍ਹਾਂ ਹੀ ਹੁੰਦੈ ! ਹਿੰਦੋਸਤਾਨ ਦੇ ਸਭਨਾਂ ਬਸ਼ਿੰਦਿਆਂ ਦੇ ਜੀਵਨ ਨੂੰ ਨਰਕ ਬਣਾ ਛੱਡਿਐ, ਇਨ੍ਹਾਂ ਕੁਕਰਮੀ ਗੋਰਿਆਂ ਨੇ।

ਪਹਿਲਾ ਪਾਤਰ— ਮੈਂ ਸੁਣਿਐ ਕਿ ਇਨ੍ਹਾਂ ਸਭਨਾਂ ਗਦਰੀ ਅਤੇ ਕਿਰਤੀ ਲੋਕਾਂ ਨੂੰ ਇੰਡੀਅਨ ਪੀਨਲ ਕੋਡ ਦੀਆਂ ਅਨੇਕਾਂ ਧਰਾਵਾਂ, ਜਿਵੇਂ ਦਫ਼ਾ 121, 121-ਏ, 122, 123, 124-ਏ, 131, 302- 109, 395, 396, 397 ਅਤੇ 398 ਲਾ ਕੇ ਕੇਸ ਦਰਜ ਕੀਤੇ ਗਏ ਹਨ।

ਦੂਜਾ ਪਾਤਰ— ਬਈ, ਮੈਂ, ਬਹੁਤੇ ਕਾਨੂੰਨ ਨਹੀਂ ਜਾਣਦਾ, ਇਨ੍ਹਾਂ ਦਫ਼ਾਵਾਂ 'ਚ ਕੀ ਦੋਸ਼ ਮੜ੍ਹੇ ਗਏ ਨੇ?

ਪਹਿਲਾ ਪਾਤਰ— ਕੀ ਪੁੱਛਦੈਂ? ਗੋਰਿਆਂ ਨੇ ਤਾਂ ਜੀਉਣ ਜੋਗੇ ਹੀ ਨਹੀਂ ਛੱਡਿਆ ! ਬਾਦਸ਼ਾਹ ਦੇ ਵਿਰੁੱਧ ਜਹਾਦ, ਰਾਜ ਤੇ ਸਰਕਾਰ ਵਿਰੁੱਧ ਗਦਾਰੀ, ਬਾਦਸ਼ਾਹ ਵਿਰੁੱਧ ਹਥਿਆਰ ਜਮ੍ਹਾਂ ਕਰਨਾ, ਗੁਪਤ ਤੌਰ 'ਤੇ ਸਥਾਪਿਤ ਸਰਕਾਰ ਵਿਰੁੱਧ ਜੰਗ ਲੜਨ ਦੀ ਸਾਜ਼ਿਸ਼ ਘੜਨੀ, ਬਗਾਵਤ ਕਰਨੀ ਅਤੇ ਬਗਾਵਤ ਲਈ ਲੋਕਾਂ ਨੂੰ ਭੜਕਾਉਣਾ, ਕਤਲ ਕਰਨਾ ਅਤੇ ਕਤਲਾਂ ਲਈ ਭੜਕਾਉਣਾ, ਲੁੱਟਾਂ, ਖੋਹਾਂ, ਡਾਕੇ ਮਾਰਨ ਜਿਹੇ ਦੋਸ਼ ਭਰਾਵਾ ਇਨ੍ਹਾਂ ਧਰਾਵਾਂ ਤਹਿਤ ਥੋਪੇ ਗਏ ਨੇ। ਕਰਤਾਰ ਸਿੰਘ ਸਰਾਭੇ ਉੱਤੇ ਤਾਂ ਸਭ ਤੋਂ ਵੱਧ ਦੋਸ਼ ਅਤੇ ਕੇਸ ਪਾਏ ਗਏ ਨੇ।

ਦੂਜਾ ਪਾਤਰ— ਸੁਣਿਐ ਇਸ ਨੌਜਵਾਨ ਨੇ ਉਮਰ ਦੇ ਉਨੀਵੇਂ ਵਰ੍ਹੇ 'ਚ ਹੀ ਉਹ ਕਾਰਜ ਕਰ ਵਿਖਾਇਐ, ਜੋ ਅਜੇ ਤਕ ਕਿਸੇ ਹਿੰਦੁਸਤਾਨੀ ਨੇ ਇਸ ਸਦੀ ਵਿਚ ਨਹੀਂ ਕੀਤਾ?

ਪਹਿਲਾ ਪਾਤਰ— ਹਾਂ, ਭਈ, ਇਹ ਤਾਂ ਹਰਫ਼ਨ ਮੌਲਾ ਸਾਬਤ ਹੋਇਐ, ਲੈ, ਸਾਡਾ ਹੋਰ ਮਿੱਤਰ ਵੀ ਆ ਗਿਆ ਈ!

ਤੀਜਾ ਪਾਤਰ— (ਪ੍ਰਵੇਸ਼ ਕਰਦਾ ਹੋਇਆ ) ਭਈ, ਮੇਰੇ ਤੋਂ ਘਰ ਨਹੀਂ ਬੈਠ ਹੋਇਆ, ਮੈਂ ਏਨਾ ਤਾਂ ਜਾਣਦਾ ਹਾਂ ਕਿ ਇਨ੍ਹਾਂ ਸੂਰਬੀਰਾਂ ਨੇ ਗੋਰਿਆਂ ਦੀ ਹਕੂਮਤ ਵਿਰੁੱਧ ਉਨ੍ਹਾਂ ਦੀਆਂ ਨਾਸਾਂ ਬੰਦ ਕਰ ਦਿੱਤੀਆਂ, ਪਰ ....ਪਰ.....ਹੋਇਆ ਉਹੋ ਜੋ ਹਕੂਮਤ ਚਾਹੁੰਦੀ ਸੀ। ਪਰ— ਮੇਰੀ ਜਗਿਆਸਾ ਏਹ ਹੈ ਕਿ ਮੈਨੂੰ ਕਰਤਾਰ ਸਿੰਘ ਸਰਾਭੇ ਬਾਰੇ ਕੁਝ ਤੱਥ ਮੂਲਕ ਜਾਣਕਾਰੀ ਜ਼ਰੂਰ ਦਿਓ?

ਪਹਿਲਾ ਅਤੇ ਦੂਜਾ
ਪਾਤਰ ਇਕੱਠੇ ਹੀ— ਲੈ, ਇਹ ਕਿਹੜੀ ਜੱਗੋਂ ਬਾਹਰੀ ਐ।

ਤੀਜਾ ਪਾਤਰ— ਫਿਰ ਦੱਸੋ ਵੀ, ਪੂਰਾ ਵੇਰਵਾ ਦੇਣਾ।

ਪਹਿਲਾ ਪਾਤਰ— ਲੈ ਤੂੰ ਭਰ ਹੁੰਗਾਰਾ।

ਦੂਜਾ ਪਾਤਰ— ਬਈ ਪਹਿਲਾਂ ਮੈਂ ਦਸੂੰ–

ਪਹਿਲਾ ਪਾਤਰ— ਹਾਂ ਭਾਈ ਤੂੰ ਹੀ ਦੱਸ ਦੇ ਪਹਿਲਾਂ।

ਦੂਜਾ ਪਾਤਰ— ' ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ ' ਕਹਾਵਤ ਨੂੰ ਸੱਚ ਸਾਬਤ ਕਰਨ ਵਾਲੇ ਕਰਤਾਰ ਸਿੰਘ ਸਰਾਭੇ ਦਾ ਜਨਮ ' ਸ਼ਹੀਦਾਂ ਦੀ ਜੂਹ ' ਵਜੋਂ ਜਾਣੇ ਜਾਂਦੇ ਪਿੰਡ ਸਰਾਭਾ ( ਜ਼ਿਲ੍ਹਾ ਲੁਧਿਆਣਾ ) ਦੇ ਸੌਖੇ ਵੱਸਦੇ ਰੱਸਦੇ ਸਰਦਾਰ ਬਚਨ ਸਿੰਘ ਗਰੇਵਾਲ ਦੇ ਸਪੁੱਤਰ ਸ੍. ਮੰਗਲ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਾਹਿਬ ਕੌਰ ਜੀ ਦੀ ਪਵਿੱਤਰ ਕੁੱਖੋਂ 24 ਮਈ 1896 ( ਬੁੱਧਵਾਰ ) ਨੂੰ ਹੋਇਆ। ਇਸ ਤੋਂ ਛੋਟੀ ਇਕ ਭੈਣ ਵੀ ਸੀ ਜਿਸ ਦਾ ਨਾਮ ਧੰਨ ਕੌਰ ਰੱਖਿਆ ਗਿਆ। ਮਾਪੇ ਬੜੇ ਸੁੱਘੜ–ਸਿਆਣੇ ਅਤੇ ਉਸਾਰੂ–ਧਾਰਮਿਕ ਸੋਚ– ਦ੍ਰਿਸ਼ਟੀ ਵਾਲੇ ਸਨ ਪਰੰਤੂ.....(ਹਉਕਾ ਲੈਂਦਾ ਹੈ! )

ਤੀਜਾ ਪਾਤਰ— ਕੀ ਪਰੰਤੂ? ਇਹ ਹਉਕਾ ਕਿਉਂ?

ਦੂਜਾ ਪਾਤਰ— ਛੋਟੀ ਉਮਰੇ ਪਿਤਾ ਜੀ ਸੁਰਗਵਾਸ ਹੋ ਗਏ ਅਤੇ ਮਸਾਂ 11 ਕੁ ਸਾਲਾਂ ਦਾ ਕਰਤਾਰ ਸੀ ਕਿ ਮਾਤਾ ਜੀ ਵੀ ਸਵਰਗ ਸਿਧਾਰ ਗਏ ਤੇ ਲਾਡਲਾ ਕਰਤਾਰ ਸਿੰਘ ਦਾਦਾ ਜੀ ਦੀ ਦੇਖ–ਰੇਖ ਹੇਠ ਪਲਣਾ ਸ਼ੁਰੂ ਹੋ ਗਿਆ।

ਤੀਜਾ ਪਾਤਰ
ਪਹਿਲੇ ਨੂੰ— ਤੂੰ ਵੀ ਕੁਝ ਦਸ ਭਾਈ।

ਪਹਿਲਾ ਪਾਤਰ— ਠੀਕ ਦੱਸਿਐ ਮੇਰੇ ਇਸ ਭਰਾ ਨੇ। ਹਾਂ, ਮੈਂ ਤੈਨੂੰ ਦੱਸਦਾਂ ਹਾਂ ਕਿ ਚੌਥੀ ਜਮਾਤ ਤਕ ਕਰਤਾਰ ਸਿੰਘ ਆਪਣੇ ਪਿੰਡ ਹੀ ਪੜ੍ਹਿਆ। ਫੇਰ ਉਹਨੂੰ



ਗੁਜਰਵਾਲ ਵਰਨੈਕੁਲਰ ਮਿਡਲ ਸਕੂਲ 'ਚ ਪਾਇਆ ਗਿਆ, ਉਪਰੰਤ ਲੁਧਿਆਣਾ ਸ਼ਹਿਰ ਦੇ ਮਾਲਵਾ ਖਾਲਸਾ ਹਾਈ ਸਕੂਲ 'ਚ ਦਾਖਲਾ ਪ੍ਰਾਪਤ ਕੀਤਾ। ਇਕ ਗੱਲ ਹੋਰ ਦਸਾਂ ਕਿ ਕਰਤਾਰ ਸਿੰਘ ਬੜਾ ਚੁਸਤੀ–ਫੁਰਤੀ ਵਾਲਾ ਖਿਡਾਰੀ ਵੀ ਸੀ ਅਤੇ ਅਧਿਆਪਕਾਂ ਨਾਲ ਉਮਰ ਦੀ ਪੱਧਰ ਤੋਂ ਉੱਚੀਆਂ ਤਰਕ–ਸੰਗਤ ਗੱਲਾਂ ਵੀ ਕਰ ਲੈਂਦਾ ਸੀ। ਵੱਡੀਆਂ ਪ੍ਰਾਪਤੀਆਂ ਪ੍ਰਾਪਤ ਕਰਨ ਦੀ ਲਾਲਸਾ ਉਸ ਵਿਚ ਤੀਬਰ ਸੀ ਅਤੇ ਇਸੇ ਲਾਲਸਾ ਦੀ ਤ੍ਰਿਪਤੀ ਹਿੱਤ ਸੋਚਵਾਨ ਦਾਦੇ ਸ੍. ਬਚਨ ਸਿੰਘ ਨੇ ਕਰਤਾਰ ਨੂੰ , ਕਰਤਾਰ ਦੇ ਚਾਚੇ ਸ੍. ਬਖਸ਼ੀਸ਼ ਸਿੰਘ ਪਾਸ ਜੋ ਕਿ ਉੜੀਸਾ 'ਚ ਜੰਗਲਾਤ ਮਹਿਕਮੇ 'ਚ ਚੰਗੀ ਨੌਕਰੀ ਕਰਦਾ ਸੀ , ਕੋਲ ਭੇਜਿਆ, ਜਿਥੋਂ ਦੇ ਰੈਵਨਸ਼ਾਅ ਕਾਲਜ ਤੋਂ ਉਸਨੇ ਗਿਆਰਵੀਂ ਕੀਤੀ। ਪਰ ਉਸਦੀ ਚਾਹਤ ਹੋਰ ਅੱਗੇ ਜਾਣ ਦੀ ਸੀ।

ਤੀਜਾ ਪਾਤਰ— ਉਹ ਕਿਹੜੀ?

ਪਹਿਲਾ ਪਾਤਰ— ਵਿਸ਼ਵ ਵਿਆਪੀ ਪੱਧਰ ਦੇ ਸੁਚਾਰੂ ਅਤੇ ਅਗਾਂਹਵਧੂ ਗਿਆਨ ਦੀ ਪ੍ਰਾਪਤੀ ਕਰਨਾ ਤਾਂ ਜੋ ਹਿੰਦੋਸਤਾਨੀਆਂ ਦੀ ਤਕਦੀਰ ਅਤੇ ਸੁੱਤੀ ਜ਼ਮੀਰ ਨੂੰ ਨਵਾਂ–ਨਰੋਆ ਮੋੜਾ ਦਿੱਤਾ ਜਾ ਸਕੇ। ਇਸੇ ਮਕਸਦ ਤਹਿਤ ਦਾਦਾ ਜੀ ਅਤੇ ਹੋਰ ਪਰਿਵਾਰ ਦੇ ਮੈਂਬਰਾਂ ਨਾਲ ਸਲਾਹ ਮਸ਼ਵਰੇ ਉਪਰੰਤ ਉਸਨੇ ਕੈਮਿਸਟਰੀ ਵਿਸ਼ੇ ਦੀ ਉਚੇਰੀ ਵਿੱਦਿਆ ਪ੍ਰਾਪਤ ਕਰਨ ਦਾ ਫੈਸਲਾ ਲਿਆ ਅਤੇ ਪਾਸਪੋਰਟ ਬਣਾ ਕੇ ਜਨਵਰੀ 1912 ਨੂੰ ਅਮਰੀਕਾ ਜਾ ਪੁੱਜਿਆ।

ਤੀਜਾ ਪਾਤਰ— ਫਿਰ ਕੀ ਹੋਇਆ, ਅਮਰੀਕਾ ਰਾਸ ਪਈ ਕਿ ਨਾ?

ਦੂਜਾ ਪਾਤਰ— ਮੈਂ ' ਕਿਰਤੀ ' ਰਸਾਲੇ 'ਚੋਂ ਪੜ੍ਹਿਐ ਕਿ ਜਦੋਂ ਜਨਵਰੀ 1912 ਨੂੰ ਕਰਤਾਰ ਸਿੰਘ ਸਾਨਫਰਾਂਸਿਸਕੋ ਦੀ ਬੰਦਰਗਾਹ ਤੇ ਪੁੱਜਾ ਤਾਂ ਪੜਤਾਲੀਆ ਬੋਰਡ ਨੇ ਹੋਰਨਾਂ ਭਾਰਤੀਆਂ ਨਾਲ ਮਾੜੇ ਸਲੂਕ ਤੋਂ ਵੀ ਵੱਧ ਮਾੜਾ ਸਲੂਕ ਅਤੇ ਬੇਲੋੜੀ ਪੁੱਛ ਗਿੱਛ ਕੀਤੀ। ਕਰਤਾਰ ਸਿੰਘ ਦੇ ਮਨ ਨੂੰ ਠੇਸ ਪੁੱਜੀ ਕਿ ਇਕ ਮਨੁੱਖ ਦੂਜੇ ਨੂੰ ਮਨੁੱਖ ਹੀ ਨਹੀਂ ਸਮਝ ਰਿਹਾ। ਸਵਾਲਾਂ–ਜਵਾਬਾਂ 'ਚ ਇਹ ਵੀ ਪ੍ਰਸ਼ਨ ਸੀ ਕਿ–
" ਤੈਨੂੰ ਪੜ੍ਹਨ ਵਾਸਤੇ ਆਪਣੇ ਹਿੰਦੋਸਤਾਨ ਵਿਚ ਕੋਈ ਥਾਂ ਨਹੀਂ ਲੱਭੀ। " ਕਰਤਾਰ ਨੇ ਉੱਤਰ ਦਿੱਤਾ ਕਿ " ਹਿੰਦੋਸਤਾਨ ਵਿਚ ਪੜ੍ਹਨ ਲਈ ਬਹੁਤ ਥਾਵਾਂ ਹਨ ਪਰ ਮੈਂ ਵਰਤਮਾਨ ਸਮੇਂ ਦੀ ਚੰਗੀ ਵਿੱਦਿਆ ਕੈਲੀਫੋਰਨੀਆਂ ਯੂਨੀਵਰਸਿਟੀ ਵਿਚੋਂ ਪੜ੍ਹਨ ਲਈ ਆਇਆ ਹਾਂ। "

ਅਫਸਰ ਦਾ
ਹੋਰ ਪ੍ਰਸ਼ਨ ਸੀ – " ਜੇ ਤੈਨੂੰ ਇਸ ਦੇਸ਼ 'ਚ ਵੜ੍ਹਨ ਹੀ ਨਾ ਦਿੱਤਾ ਜਾਵੇ ਤਾਂ.... " ਕਰਤਾਰ ਸਿੰਘ ਦਾ ਜਵਾਬ ਸੀ ਕਿ– " ਇਹ ਬੜੀ ਬੇਇਨਸਾਫ਼ੀ ਹੋਵੇਗੀ। ਜੇ ਵਿਦਿਆਰਥੀਆਂ ਨੂੰ ਵੀ ਇਹੋ ਜਿਹੀਆਂ ਰੁਕਾਵਟਾਂ ਪਾਈਆਂ ਜਾਣ,

ਤਾਂ ਸੰਸਾਰ ਵਿਚ ਉਨਤੀ ਕਿਵੇਂ ਹੋ ਸਕੇਗੀ? ਜੇ ਮੈਨੂੰ ਨਾ ਰੋਕਿਆ ਜਾਵੇ ਅਤੇ ਮੈਂ ਜਾ ਕੇ ਵਿਦਿਆ ਹਾਸਲ ਕਰ ਲਵਾਂ ਤਾਂ ਹੋ ਸਕਦਾ ਹੈ ਕਿ ਮੈਂ ਹੀ ਸੰਸਾਰ ਦੇ ਭਲੇ ਲਈ ਕੋਈ ਐਸਾ ਕੰਮ ਕਰਾਂ, ਜੇਹੜਾ ਮੇਰੇ ਅਨਪੜ੍ਹ ਰਹਿਣ ਕਰਕੇ ਨਹੀਂ ਹੋ ਸਕਦਾ ਅਤੇ ਇਸ ਸੰਸਾਰ ਨੂੰ ਇਕ ਵੱਡਾ ਭਾਰਾ ਘਾਟਾ ਪੈ ਸਕਦਾ ਹੈ। "

ਤੀਜਾ ਪਾਤਰ— ਹੋਰ ਵੀ ਮੁਸ਼ਕਲਾਂ ਆਈਆਂ ਹੋਣਗੀਆਂ ਕਰਤਾਰ ਨੂੰ।

ਦੂਜਾ ਪਾਤਰ— ਹਾਂ, ਇਕ ਨਹੀਂ ਅਨੇਕਾਂ। ਲਓ ਸੁਣੋ-

31 ਜੁਲਾਈ 1912 ਨੂੰ ਏਂਜਲ ਆਈਲੈਂਡ ਤੇ ਵਿਸ਼ੇਸ਼ ਪੜਤਾਲੀਆ ਬੋਰਡ ਦੀ ਮੀਟਿੰਗ ਹੋਈ, ਬੜੇ ਊਂਗੜ-ਦੁੱਗੜ ਸਵਾਲ ਪੁੱਛੇ, ਖਰਚੇ ਬਾਰੇ ਪੁੱਛਿਆ, ਰਹਿਣ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਪੁੱਛਿਆ, ਕਿਥੇ ਪੜ੍ਹੇਂਗਾ? ਕੀ ਕੰਮ ਕਰੇਂਗਾ? ਏਨਾ ਖਰਚਾ ਕੌਣ ਝੱਲੇਗਾ? ਆਦਿ ਆਦਿ। ਪਰੰਤੂ ਕਰਤਾਰ ਸਿੰਘ ਨੇ ਬੇਬਾਕ ਹੋ ਕੇ ਦੱਸਿਆ ਕਿ ਮੈਂ ਰੱਜੇ ਪੁੱਜੇ ਜ਼ਿਮੀਦਾਰ ਦਾ ਪੋਤਾ ਹਾਂ, ਡਾਲਰ ਖਰਚ ਸਕਦਾ ਹਾਂ, ਬਰਕਲੇ ਯੂਨੀਵਰਸਿਟੀ ਵਿਚ ਪੜ੍ਹਾਂਗਾ, ਆਦਿ ਆਦਿ ਸਭ ਉੱਤਰ ਭਾਵੇਂ ਪ੍ਰਭਾਵਸ਼ਾਲੀ ਸਨ ਅਤੇ ਰਹਿਣ ਦੀ ਭਾਵੇਂ ਆਗਿਆ ਵੀ ਮਿਲ ਗਈ ਪਰ ਕਰਤਾਰ ਸਿੰਘ ਸਰਾਭੇ ਦਾ ਦਿਲ ਵਲੂੰਧਰਿਆ ਗਿਆ। ਗੁਲਾਮ ਦੇਸ਼ ਦੇ ਵਾਸੀ ਨੇ ਜਦੋਂ ਆਜ਼ਾਦ ਦੇਸ਼ ਅਮਰੀਕਾ ਦੀ ਰਹਿਤਲ ਨੂੰ ਪਛਾਣਿਆ ਤਾਂ ਉਸ ਵਿਚ ਨਵੇਂ ਨਵੇਂ ਵਿਚਾਰ ਖੌਲਣ ਲੱਗੇ। ਪੜ੍ਹਦਿਆਂ ਪੜ੍ਹਦਿਆਂ ਸਹਿਪਾਠੀ ਅਮਰੀਕੀ ਵਿਦਿਆਰਥੀਆਂ ਦੇ ਬੋਲ ਵੀ ਕਰਤਾਰ ਸਿੰਘ ਵਿਚਲੇ ਅਣਖੀ ਯੋਧੇ ਲਈ ਚੁਣੌਤੀ ਅਤੇ ਵੰਗਾਰ ਬਣਦੇ ਰਹੇ।

ਤੀਜਾ ਪਾਤਰ— ਵਿਦਿਆਰਥੀਆਂ ਨੇ ਕੀ ਆਖਿਆ ਉਸਨੂੰ ?

ਪਹਿਲਾ ਪਾਤਰ— ਜ਼ਖਮਾਂ ਤੇ ਲੂਣ ਛਿੜਕਿਆ।

ਤੀਜਾ ਪਾਤਰ— ਉਹ ਕਿਵੇਂ?

ਪਹਿਲਾ ਪਾਤਰ— ਉਹਨਾਂ ਆਖਿਆ ਕਿ ਤੇਰੇ ਦੱਸਣ ਮੁਤਾਬਕ ਹਿੰਦੋਸਤਾਨੀਆਂ ਦੀ 35 ਕਰੋੜ ਆਬਾਦੀ ਹੈ ਅਤੇ ਤੁਹਾਡੇ ਉਪਰ ਢਾਈ ਤਿੰਨ ਲੱਖ ਦੀ ਆਬਾਦੀ ਵਾਲਾ ਦੇਸ਼ ਤੁਹਾਨੂੰ ਗੁਲਾਮ ਬਣਾ ਕੇ ਲੁੱਟ ਰਿਹੈ, ਤਸੀਹੇ ਦੇ ਰਿਹੈ, ਤੁਹਾਡੀ ਹਿੰਦੋਸਤਾਨੀ ਕੌਮ ਨੂੰ ਕੋਈ ਕੀ ਆਖੇ?

ਤੀਜਾ ਪਾਤਰ— ਫੇਰ ਕੀ ਵਾਪਰਿਆ?

ਪਹਿਲਾ ਪਾਤਰ— ਕਰਤਾਰ ਸਿੰਘ ਨੂੰ ਆਪਣੇ ਪਿੰਡ ਦੇ ਇਕ ਵਡੇਰੀ ਉਮਰ ਦੇ ਸ੍. ਰੁਲੀਆ ਸਿੰਘ ਨਾਲ ਮਾਣੀ ਸੰਗਤ ਅਤੇ ਉਸ ਤੋਂ ਮਿਲੀ ਦੇਸ਼-ਪ੍ਰੇਮ ਦੀ ਗੁੜ੍ਹਤੀ ਅਮਲੀ ਰੂਪ ਲੈਣ ਲਈ ਉਮਡ ਪਈ। ਏਹੋ ਹੀ ਸਭ ਕੁਝ ਨਹੀਂ, ਹੋਰ ਵੀ ਸੁਣੋ, ਕਿ ਕਰਤਾਰ ਸਿੰਘ ਜਿਸ ਘਰ 'ਚ ਕਿਰਾਏਦਾਰ ਸੀ ਉਸ ਘਰ ਦੀ ਸੁਆਣੀ ਨੂੰ ਉਸਨੇ ਆਪਣੇ ਦੇਸ਼ ਦੀ ਆਜ਼ਾਦੀ ਦਿਵਸ ਨੂੰ ਖੁਸ਼ੀ ਅਤੇ



ਜਲੌਅ ਨੂੰ ਮਨਾਉਂਦੇ ਹੋਏ ਤੱਕਿਆ ਸੀ। ਕਰਤਾਰ ਸਿੰਘ ਦੇ ਪੁੱਛਣ ਤੇ ਉਸ ਔਰਤ ਨੇ ਦੱਸਿਆ ਸੀ ਕਿ — ( ਔਰਤ ਦੀ ਆਵਾਜ਼ 'ਚ ਬੋਲਣਾ ਹੈ )

" ਇਸ ਦਿਨ ਹੀ ਉਨ੍ਹਾਂ ਦਾ ਦੇਸ਼ ਅਮਰੀਕਾ ਗੁਲਾਮੀ ਦੀ ਹਨੇਰੀ ਗੁਫਾ ਵਿਚੋਂ ਬਾਹਰ ਨਿਕਲ ਕੇ ਆਜ਼ਾਦੀ ਦੇ ਚਾਨਣ ਨਾਲ ਰੁਸ਼ਨਾਇਆ ਗਿਆ ਸੀ। ਇਹ ਤਸਵੀਰਾਂ ਉਨ੍ਹਾਂ ਅਮਰੀਕੀ ਸ਼ਹੀਦਾਂ ਦੀਆਂ ਹਨ, ਜਿਨ੍ਹਾਂ ਨੇ ਅਮਰੀਕਾ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਕੁਰਬਾਨੀ ਦਿੱਤੀ। "

ਦੂਜਾ ਪਾਤਰ— ਹਾਂ, ਮੈਨੂੰ ਵੀ ਯਾਦ ਹੈ ਕਿ ਪੋਰਟਲੈਂਡ ਦੀ ਮੀਟਿੰਗ ਜੋ 1912 'ਚ ਭਾਰਤੀ ਮਜ਼ਦੂਰਾਂ-ਕਿਰਤੀਆਂ ਅਤੇ ਹੋਰ ਆਰਾ ਮਿੱਲ ਵਰਕਰਾਂ ਵੱਲੋਂ ਘੱਟ ਮਿਹਨਤਾਨਾ ਮਿਲਣ ਸਦਕਾ ਹੋਈ ਸੀ ਤੇ ਰੁਲੀਆ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਬਾਬੂ ਗੁਰੂ ਦੱਤ, ਪੰਡਿਤ ਕਾਸ਼ੀ ਰਾਮ ਆਦਿ ਨੇ ਮਿਲ ਕੇ ' ਸਪਤਾਹਿਕ ਪਰਚਾ ਹਿੰਦੋਸਤਾਨ ' ਕੱਢਣ ਦਾ ਮਤਾ ਪਾਸ ਕੀਤਾ ਸੀ। ਕਰਤਾਰ ਸਿੰਘ ਵੀ ਉਸ ਵਕਤ ਉਥੇ ਸੀ। ਇਸ ਤੋਂ ਇਲਾਵਾ ਕਰਤਾਰ ਸਿੰਘ ਦੀ ਭਾਈ ਜਵਾਲਾ ਸਿੰਘ ਨਾਲ ਹੋਈ ਮੁਲਾਕਾਤ, ਸ੍. ਨੰਦ ਸਿੰਘ ਦਾ ਕਰਤਾਰ ਸਿੰਘ ਨੂੰ ਕਹਿਣਾ ਕਿ

" ਅਸੀਂ ਫੌਜੀ ਕੰਮ ਵੀ ਸਿੱਖੀਏ ਆਦਿ ਮਿਲਣੀਆਂ ਅਤੇ ਘਟਨਾਵਾਂ ਨੇ ਕਰਤਾਰ ਸਿੰਘ ਦੇ ਸੁਭਾਅ, ਵਤੀਰੇ ਅਤੇ ਜੰਗਜੂ ਕਾਰਨਾਮਿਆਂ ਨੂੰ ਵਿਕਸਤ ਕਰ ਦਿੱਤਾ। ਬਰਕਲੇ ਯੂਨੀਵਰਸਿਟੀ ਵਿਚ ਪੜ੍ਹਦਿਆਂ ਕਰਤਾਰ ਸਿੰਘ ਹਮੇਸ਼ਾਂ ' ਪਗੜੀ ਸੰਭਾਲ ਜੱਟਾ ' ਗੁਣਗੁਣਾਉਂਦਾ ਰਹਿੰਦਾ ਸੀ ਅਤੇ ਭਾਈ ਪਰਮਾਨੰਦ ਜੀ ਦੁਆਰਾ ਸਿਖਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਕਿ- " ਚਿੜੀਓਂ ਸੇ ਮੈਂ ਬਾਜ਼ ਤੁੜਾਉਂ ਤਬੈ ਗੋਬਿੰਦ ਸਿੰਘ ਨਾਮ ਕਹਾਉਂ।" ਨੂੰ ਆਪਣਾ ਆਦਰਸ਼ ਮੰਨਦਾ ਸੀ।

ਤੀਜਾ ਪਾਤਰ— ਗਦਰ ਲਹਿਰ ਵਿਚ ਕਰਤਾਰ ਸਿੰਘ ਨੇ ਕੀ ਯੋਗਦਾਨ ਪਾਇਐ? ਸੰਖੇਪ 'ਚ ਜ਼ਰਾ ਮੈਨੂੰ ਇਹ ਵੀ ਦਸ ਦਿਓ।

ਪਹਿਲਾ ਪਾਤਰ— ਗਦਰ ਲਹਿਰ ਵਿਦੇਸ਼ੀ ਹਕੂਮਤ ਤੋਂ ਨਿਜ਼ਾਤ ਪਾਉਣ ਖਾਤਰ ਹੋਂਦ 'ਚ ਆਈ। ਲਹਿਰ ਐਂਵੇ ਨਹੀਂ ਬਣ ਜਾਂਦੀ, ਜੁੱਟ, ਸਮੂਹ ਰਲ ਕੇ ਸਥਾਪਿਤ ਵਿਦੇਸ਼ੀ ਹਕੂਮਤ ਦੀਆਂ ਜੜ੍ਹਾਂ ਹਿਲਾਉਂਦੇ ਹਨ। ਸਥਾਪਿਤ ਕਨੂੰਨਾਂ ਦਾ ਵਿਰੋਧ ਕਰਕੇ, ਉਨ੍ਹਾਂ ਨੂੰ ਆਪਣੇ ਦੇਸ਼ ਜਾਂ ਕੌਮ ਦੇ ਹਿੱਤ ਲਈ ਘੜ੍ਹਨਾ ਲੋਚਦੇ ਹਨ। ਹਿੰਦੋਸਤਾਨੀਆਂ ਦੀ ਆਜ਼ਾਦੀ ਪ੍ਰਾਪਤੀ ਨੂੰ , ਅੰਗਰੇਜ਼ ਹਕੂਮਤ ਵਿਰੋਧ ਵਿਚ ਲੈਂਦੀ ਰਹੀ। ਇਸ ਲਹਿਰ 'ਚ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਕੇਸਰ ਸਿੰਘ ਠਠਗੜ੍ਹ, ਪੰ. ਕਾਸ਼ੀ, ਹਰਨਾਮ ਸਿੰਘ ਕੋਟਲਾ, ਕਰੀਮ ਬਖਸ਼, ਮੁਨਸ਼ੀ ਰਾਮ ਅਤੇ ਸ੍. ਅਜੀਤ ਸਿੰਘ ਹੁਰਾਂ ਦੀ

ਸਰਵੋਤਮ ਅਹੁਦੇਦਾਰੀਆਂ ਤਹਿਤ ਬਣੀ ' ਹਿੰਦ ਪੈਸਿਫਿਕ ਐਸੋਸੀਏਸ਼ਨ ' ਨੇ ਹਰ ਵਰਗ ਦੇ ਲੋਕਾਂ ਨੂੰ ਜੋੜਨ ਦਾ ਉਪਰਾਲਾ ਕੀਤਾ ਅਤੇ ਇਸ ਵਿਚ ਕਰਤਾਰ ਸਿੰਘ ਦੀ ਵੀ ਵਿਸ਼ੇਸ਼ ਭੂਮਿਕਾ ਰਹੀ। ਕੈਲੀਫੋਰਨੀਆਂ ਦੇ ਦੇਸ਼ ਭਗਤਾਂ ਨੂੰ ਪਾਰਟੀ ਨਾਲ ਜੋੜਨਾ, ਪ੍ਰਾਪੇਗੰਡਾ ਗਰੁੱਪ ਅਤੇ ਐਕਸ਼ਨ ਵਿੰਗ ਵਿਚ ਸਾਂਝੀ ਕੜੀ ਵਜੋਂ ਭੂਮਿਕਾ ਨਿਭਾਉਣੀ, ਕੁਝ ਲੋਕਾਂ ਵਿਚ ਪੈਦਾ ਹੋਏ ਮੱਤ-ਭੇਦ ਖਤਮ ਕਰਨਾ ਕਰਤਾਰ ਸਿੰਘ ਸਰਾਭੇ ਦਾ ਸਹਿਜ ਕਾਰਜ ਮੰਨਿਆ ਜਾਂਦਾ ਰਿਹੈ।

ਤੀਜਾ ਪਾਤਰ— ਮੈਂ ਸੁਣਿਐ ' ਗਦਰ ' ਅਖਬਾਰ 'ਚ ਵੀ ਕਰਤਾਰ ਸਿੰਘ ਦਾ ਯੋਗਦਾਨ ਰਿਹੈ, ਭਲਾ ਕਿਸ ਤਰ੍ਹਾਂ ਦਾ ਸੀ ਇਹ ਯੋਗਦਾਨ?

ਦੂਜਾ ਪਾਤਰ— 'ਹਿੰਦੀ ਐਸੋਸੀਏਸ਼ਨ ' ਵੱਲੋਂ ' ਗਦਰ ' ਅਖਬਾਰ ਕੱਢੀ ਜਾਣ ਲੱਗ ਪਈ ਸੀ। ਇਸ ਅਖਬਾਰ ਦੇ ਪੈਰੋਕਾਰਾਂ ਅਤੇ ਇਸਦੇ ਮਾਧਿਅਮ ਰਾਹੀਂ ਪ੍ਰਗਟਾਏ ਜਾਂਦੇ ਅਤੇ ਧਾਰਨ ਕੀਤੇ ਜਾਂਦੇ ਫਲਸਫ਼ੇ ਜਾਂ ਵਿਚਾਰਧਾਰਾ ਦੇ ਅਨੁਕਰਣੀਆਂ ਸਦਕਾ ਹੀ ' ਗਦਰ ਪਾਰਟੀ ' ਨਾਮਕਰਨ ਹੋ ਗਿਆ। ਲਾਲਾ ਹਰਦਿਆਲ ਨੇ ਸਾਨਫਰਾਂਸਿਸਕੋ ਤੋਂ ਇਹ ਅਖਬਾਰ ਕੱਢਣ ਦਾ ਵਾਅਦਾ ਕੀਤਾ ਸੀ ਜੋ ਕਰਤਾਰ ਸਿੰਘ ਸਰਾਭਾ ਦੀ ਯੋਗ ਅਗਵਾਈ ਅਤੇ ਹਿੰਮਤ ਸਦਕਾ ਅਗਾਂਹ ਪ੍ਰਵਾਹਮਾਨ ਰਿਹਾ। ਅਖ਼ਬਾਰ ਪ੍ਰਕਾਸ਼ਨ ਕਰਨ, ਛਾਪਣ ਵਿਚ ਸਹਾਇਤਾ ਕਰਨ, ਆਪ ਖੁਦ ਲੇਖਕ ਅਤੇ ਕਵੀ ਹੋਣਾ, ਦੂਜਿਆਂ ਦਾ ਸਹਾਇਕ ਬਣਨਾ, ਖੁਸ਼ੀ-ਖੇੜੇ 'ਚ ਰਹਿਣਾ, ਆਪੇ ਦਾ ਤਿਆਗੀ ਹੋਣਾ ਅਤੇ ਸੱਚੇ ਰੂਪ 'ਚ ਕਰਾਂਤੀਸ਼ੀਲ ਗਤੀਵਿਧੀਆਂ ਦਾ ਧਾਰਨੀ ਹੋਣਾ ਅਜਿਹੇ ਗੁਣ ਸਨ ਜੋ ਕਰਤਾਰ ਸਿੰਘ ਸਰਾਭੇ ਨੂੰ ਅਖਬਾਰ ਦੇ ਹੋਰ ਕਰਿੰਦਿਆਂ ਤੋਂ ਨਿਖੇੜਦੇ ਸਨ। ਜੇਕਰ ਲਾਲਾ ਹਰਦਿਆਲ ਜੀ ਉਰਦੂ 'ਚ ਲਿਖਦੇ ਸਨ ਤਾਂ ਕਰਤਾਰ ਸਿੰਘ ਸਰਾਭਾ ਉਸ ਲੇਖਣੀ ਦਾ ਅਨੁਵਾਦ ਪੰਜਾਬੀ 'ਚ ਕਰਦੇ ਸਨ ਅਤੇ ਬੜਾ ਲੰਮਾ ਅਰਸਾ ਉਹ ਆਪਣੇ ਹੱਥੀਂ ਛਾਪੇਖਾਨੇ ਦੀ ਮਸ਼ੀਨ ਨੂੰ ਗੇੜਾ ਦੇਂਦੇ ਨਹੀਂ ਸਨ ਥਕਦੇ।

ਪਹਿਲਾ ਪਾਤਰ— ਭਰਾਵੋ, ਕਰਤਾਰ ਸਿੰਘ ਦੀ ਇਹ ਕਥਾ ਏਥੇ ਹੀ ਨਹੀਂ ਜੇ ਮੁੱਕ ਜਾਂਦੀ, ਜਹਾਜ਼ ਵਿਚ ਹਥਿਆਰ ਪਹੁੰਚਾਣੇ, ਸੰਸਾਰ ਜੰਗ ਦੇ ਐਲਾਨ ਮੌਕੇ ਭਾਰਤੀ ਆਜ਼ਾਦੀ ਹਿਤੈਸ਼ੀਆਂ ਨੂੰ ਇਕੱਤਰ ਵੀ ਕਰਨਾ ਅਤੇ ਥਾਂ ਥਾਂ ਜਾ ਕੇ ਪ੍ਰੇਰਿਤ ਵੀ ਕਰਨਾ ਕਿ-

" ਉਠੋ ਹਿੰਦ-ਵਾਸੀਓ, ਵਕਤ ਪਛਾਣੋ ਇਕ ਜੁੱਟ ਹੋਵੋ ਅਤੇ ਗੁਲਾਮੀ ਤੋਂ ਮੁਕਤ ਹੋਣ ਦਾ ਰਸਤਾ ਚੁਣੋ, ਆਜ਼ਾਦੀ ਥਾਲੀ 'ਚ ਨਹੀਂ ਮਿਲਣੀ, ਲੜਨਾ ਪੈਣੈ, ਖ਼ੂਨ ਵਹਾਉਣਾ ਪੈਣਾ ਏ।"

ਤੀਜਾ ਪਾਤਰ— ਕੀ ਇਹੋ ਜਿਹਾ ਪੈਗ਼ਾਮ ਅੰਗਰੇਜ਼ ਸਰਕਾਰ ਦੇ ਕੰਨੀ ਨਹੀਂ ਸੀ ਪਿਆ?



ਦੂਜਾ ਪਾਤਰ— ਪੈ ਚੁੱਕਾ ਸੀ, ਅੰਗਰੇਜ਼ ਹਕੂਮਤ ਪਤਾ ਲਗਾ ਚੁੱਕੀ ਸੀ ਕਿ ਉਨ੍ਹਾਂ ਖਿਲਾਫ਼ ਵੱਡੀ ਪੱਧਰ 'ਤੇ ਅੰਦਰੂਨੀ ਜੰਗ ਤਾਂ ਵਿੱਢੀ ਜਾ ਚੁੱਕੀ ਹੋਈ ਹੈ, ਹੁਣ ਆਹਮੋ-ਸਾਹਮਣੇ ਹੋਣ ਦੀ ਹਾਲਤ ਬਣ ਗਈ ਹੈ। ਇਸ ਮੰਤਵ ਲਈ ਕਰਤਾਰ ਸਿੰਘ ਸਰਾਭਾ ' ਨਿਪੁੰਨ ਮਾਰੂ ' ਜਹਾਜ਼ ਰਾਹੀਂ ਹਿੰਦੋਸਤਾਨ ਆ ਚੁੱਕਾ ਹੈ ਅਤੇ ਉਸਦੇ ਨਾਲ ਗਦਰ ਅਖਬਾਰ 'ਚ ਕੰਮ ਕਰਨ ਵਾਲੇ ਕੁਝ ਸਾਥੀ ਵੀ ਆ ਚੁੱਕੇ ਹਨ ਅਤੇ ਲੁਕ ਛਿਪ ਕੇ ਜਾਂ ਸਰਕਾਰੀ ਤਾਣੇ-ਬਾਣੇ ਨੂੰ ਓਹਲੇ 'ਚ ਰੱਖ ਕੇ ਕਾਰਜਸ਼ੀਲ ਹੋ ਚੁੱਕੇ ਹਨ।

ਪਹਿਲਾ ਪਾਤਰ— ਹਾਂ ਭਾਈ ਠੀਕ ਆਖਿਆ ਈ। ਫੜੋ- ਫੜੀ ਦੇ ਦੌਰ ਵਿਚ ਉਸਨੇ ਹਿੰਦ ਵਾਸੀਆਂ ਨੂੰ ਇਹ ਵੀ ਪੈਗ਼ਾਮ ਦਿੱਤਾ ਸੀ ਕਿ—

" ਉੱਠੋ ਹਿੰਦੂ, ਮੋਮਨੋ ਤੇ ਸਿੱਖ ਸੂਰਮੇ।  
ਕੁੱਟ ਕੁੱਟ ਬਣਾਓ ਗੋਰਿਆਂ ਦੇ ਚੂਰਮੇਂ।  
ਫੜ ਲਓ ਛਿਤਾਬੀ ਹੱਥੀਂ ਤੇਗ਼ਾਂ ਨੰਗੀਆਂ।  
ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ।

( ਤੀਜੇ ਪਾਤਰ ਨੂੰ ਸੰਬੋਧਿਤ ਹੁੰਦਿਆਂ ) ਵੀਰ ਮੇਰਿਆ, ਇਸ ਗੂੰਜ ਦਾ ਅਸਰ ਯੂ. ਪੀ. ਤੋਂ ਇਲਾਵਾ ਹੋਰਨਾਂ ਸੂਬਿਆਂ ਦੇ ਅਣਖੀਲੇ ਗਭਰੂਆਂ ਨੇ ਵੀ ਕਬੂਲਿਆ।

ਦੂਜਾ ਪਾਤਰ— ਹਾਂ ਭਾਈ, ਜਦੋਂ ਬਾਬਾ ਸੋਹਨ ਸਿੰਘ ਭਕਨਾ ਨਾਲ ਕਰਤਾਰ ਸਿੰਘ ਦਾ ਮੇਲ ਹੋਇਆ ਤਾਂ ਲਹਿਰ ਦੇ ਰੰਗ ਹੀ ਹੋਰ ਬਦਲਣੇ ਸ਼ੁਰੂ ਹੋ ਗਏ, ਸਿਰਾਂ ਨਾਲ ਸਿਰ ਜੁੜ ਗਏ, ਮੋਢੇ ਨਾਲ ਮੋਢੇ ਜੁੜ ਗਏ, ਇਕੱਲੀਆਂ ਦੁਕੱਲੀਆਂ ਆਵਾਜ਼ਾਂ ਨਾਹਰੇ ਬਣ ਗਈਆਂ, ਬੰਗਾਲ ਦੇ ਇਨਕਲਾਬੀਆਂ ਤਕ ਪਹੁੰਚ ਹੋ ਗਈ, ਇਕੱਠੇ ਹੋਣ ਦੀਆਂ ਥਾਵਾਂ ਨਿਰਧਾਰਿਤ ਹੋ ਗਈਆਂ, ਲੁਕਣਗਾਹਾਂ ਬਣਾ ਲਈਆਂ ਗਈਆਂ ਪਰ ਅਫਸੋਸ

ਤੀਜਾ ਪਾਤਰ— ਪਰ ਅਫ਼ਸੋਸ.... ਕੀ ਹੋਇਆ ! ਅਫ਼ਸੋਸ ਕਾਹਦਾ?

ਦੂਜਾ ਪਾਤਰ— ਅਫ਼ਸੋਸ, ਇਹ ਕਿ ਹਕੂਮਤ ਨਾਲ ਦਸਤਪੰਜਾ ਲੈਣ ਲਈ ਵੱਡੇ ਪੱਧਰ ਦੀ ਬਗਾਵਤ ਦੀ ਲੋੜ, ਫੌਜੀ ਮਦਦ ਦੀ ਜ਼ਰੂਰਤ, ਨੌਜਵਾਨਾਂ ਨੂੰ ਨਾਲ ਜੋੜਨ ਦੀ ਲੋੜ, 'ਯੁਗਾਂਤਰ ਆਸ਼ਰਮ ' ਵਰਗੀ ਥਾਂ ਸਥਾਪਿਤ ਕਰਕੇ ' ਗਦਰ ' ਵਰਗਾ ਰਸਾਲਾ ਕੱਢਣ ਦੀ ਲੋੜ, ਆਪਣਾ ਝੰਡਾ ਤਿਆਰ ਕਰਨਾ, ਬੰਬ ਬਣਾਉਣੇ, ਮੁਖਬਰਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਸੋਧਣਾ, ਆਪਣੇ ਹਿਤੈਸ਼ੀ ਕੈਦੀਆਂ ਨੂੰ ਛੁਡਾਉਣਾ, ਜੇਲਾਂ ਤੋੜਨੀਆਂ, ਸਰਕਾਰੀ ਖਜ਼ਾਨਿਆਂ 'ਚੋਂ ਸਰਮਾਇਆ ਕੱਢਣਾ ਆਦਿ ਅਨੇਕਾਂ ਲੋੜਾਂ ਸਨ, ਜਿਨ੍ਹਾਂ ਵਾਸਤੇ ਸਾਧਨ ਜੁਟਾਉਣ ਲਈ ਪੈਸਾ ਚਾਹੀਦਾ ਸੀ, ਧਨ ਦੌਲਤ ਚਾਹੀਦੀ ਸੀ। ਪਰ ਇਥੇ ਤਾਂ ਸੋਨੇ ਦੀ ਚਿੜੀਆ ਦੇ ਖੰਭ ਕੁਤਰਣੋ ਗੋਰੀ ਸਰਕਾਰ ਸਾਹ ਹੀ ਨਹੀਂ ਸੀ ਲੈ ਰਹੀ।

ਤੀਜਾ ਪਾਤਰ— ਹੱਲ ਕਿਵੇਂ ਲੱਭਿਆ ਜਾਂ ਯਤਨ ਕੀ ਕੀਤੇ ਇਸ ਕਾਰਜ ਵਾਸਤੇ?

ਪਹਿਲਾ ਪਾਤਰ— ਮਰਦੇ ਕੀ ਨਾ ਕਰਦੇ, ਫੰਡਾਂ ਦੀ ਘਾਟ ਦੀ ਪੂਰਤੀ ਲਈ ਪਹਿਲਾਂ ਕਰਤਾਰ ਸਿੰਘ ਸਰਾਭਾ ਦਰ, ਦਰ, ਜਿਥੇ ਵੀ ਪਹੁੰਚ ਹੋਈ ਰੁਪਿਆ, ਦੁਆਨੀ, ਆਨਾ, ਟਕਾ. ਪੈਸਾ-ਪੈਸਾ ਇਕੱਤਰ ਕੀਤਾ। ਬੰਗਾਲੀਆਂ ਦੇ ਅਸਰ ਅਤੇ ਮੌਕੇ ਦੀ ਮਜ਼ਬੂਰੀ ਖਾਤਰ, ਅਮੀਰਾਂ, ਸ਼ਾਹੂਕਾਰਾਂ, ਸਰਕਾਰੀ ਅਹਿਲਕਾਰਾਂ, ਫਰੰਗੀ ਦੇ ਪੁਲਸੀਆਂ, ਸੂਹੀਆਂ ਆਦਿ ਕੋਲੋਂ ਨਿਮਰਤਾ ਸਹਿਤ ਮਦਦ ਮੰਗੀ, ਨਾ ਮਿਲਣ ਤੇ ਮਜ਼ਬੂਰੀ ਵਸ ਡਾਕੇ ਵੀ ਮਾਰੇ, ਕਿਤੇ ਕਿਤੇ ਭਾਰਤੀ ਕੌਮ ਦੀ ਆਜ਼ਾਦੀ 'ਚ ਰੋੜਾ ਬਣਦੇ ਲੋਕਾਂ ਨਾਲ ਖ਼ੂਨ ਦੀ ਹੋਲੀ ਵੀ ਖੇਡਣੀ ਪਈ। ਪਰ ਵਕਤ ਦੀ ਹਕੂਮਤ ਅਤੇ ਮਤਲਬੀ ਲੋਕ ਇਹ ਨਹੀਂ ਸਨ ਜਾਣਦੇ ਕਿ ਵੱਡੇ ਡਾਕੂ, ਵੱਡੇ ਕਾਤਲ ਤਾਂ ਫਿਰੰਗੀ ਲੋਕ ਖ਼ੁਦ ਹੀ ਨੇ।

ਤੀਜਾ ਪਾਤਰ— ਸਿੱਟਾ ਕੀ ਨਿਕਲਿਆ?

ਦੂਜਾ ਪਾਤਰ— ਸਿੱਟਾ ਅਫ਼ਸੋਸਜਨਕ, ਹਿੰਦੋਸਤਾਨੀਆਂ ਲਈ ਨਿਮੋਸ਼ੀ ਵਾਲਾ, ਮਰੀਆਂ ਹੋਈਆਂ ਜ਼ਮੀਰਾਂ ਅਤੇ ਮਰੀਆਂ ਹੋਈਆਂ ਅਣਖ - ਗੈਰਤਾਂ ਵਾਲੇ ਲੋਕਾਂ ਨੂੰ ਵੇਖਣਾ ਪੈਂਦਾ ਹੈ ਆਜ਼ਾਦੀ ਦਾ ਸੁਆਦ। ਸਿੱਟਾ ਭਾਈ ਮੇਰਿਆ ਉਹੋ ਹੀ ਨਿਕਲਿਆ!

ਪਹਿਲਾ ਪਾਤਰ— ਹਾਂ ਸੱਚ ਹੈ। ਕਰਤਾਰ ਸਿੰਘ ਸਰਾਭੇ ਨੇ ਆਖਿਆ ਡਾਕੇ ਮਾਰਨਾ ਸਾਡਾ ਮੰਤਵ ਨਹੀਂ ਹੈ। ਸਾਡਾ ਉਦੇਸ਼ ਤਾਂ ਗੁਲਾਮੀ ਤੋਂ ਨਿਜ਼ਾਤ ਪਾਉਣਾ ਹੈ। ਡਾਕਾ ਭਾਵੇਂ ਸਾਹਨੇਵਾਲ ਵਾਲਾ ਜਾਂ ਵੱਲੇ ਵਾਲਾ ਜਾਂ ਚੱਬੇ ਵਾਲਾ ਜਾਂ ਹੋਰ ਹੋਵੇ ਸਭਨਾਂ ਦੇ ਕਾਰਨ ਵੱਖ ਵੱਖ ਸਨ। ਸਾਹਨੇਵਾਲ ਵਾਲੇ ਡਾਕੇ ਸੰਬੰਧੀ ਕਰਤਾਰ ਸਿੰਘ ਸਰਾਭੇ ਨੇ ਖ਼ੁਦ ਕਿਹਾ ਸੀ-

" ਮੈਂ ਸਾਹਨੇਵਾਲ ਦੇ ਡਾਕੇ ਵਿਚ ਹਿੱਸਾ ਲਿਆ ਸੀ। ਉਹ ਪੁਲੀਟੀਕਲ ਡਾਕਾ ਸੀ। ਡਾਕੇ ਮਾਰਨ ਦਾ ਸਾਡਾ ਮੰਤਵ ਇਹ ਸੀ ਕਿ ਅਖ਼ਬਾਰ ਕੱਢਣ ਲਈ ਕੁਝ ਰੁਪਿਆ ਜਮ੍ਹਾਂ ਕੀਤਾ ਜਾਵੇ।"

ਤੀਜਾ ਪਾਤਰ— ਭਰਾਵੋ ! ਤੁਸੀਂ ਦੋਵਾਂ ਤਾਂ ਮੇਰੀਆਂ ਪੁੜਪੁੜੀਆਂ ਵਿਚਲੇ ਗੰਦ ਨੂੰ ਧੋ ਦਿਤੈ, ( ਹੋਰ ਹੈਰਾਨੀ ਭਰੇ ਲਹਿਜ਼ੇ 'ਚ ) ਮੈਂ ਸੁਣਿਐ ਸਰਾਭੇ ਨੇ ਫੌਜ 'ਚ ਵੀ ਕੁਝ ਕੰਮ ਕੀਤਾ!

ਦੂਜਾ ਪਾਤਰ— ਭਾਈ ਵਿਚ ਵਿਚ ਤਾਂ ਤੈਨੂੰ ਵੀ ਜਾਣਕਾਰੀ ਜਾਪਦੀ ਐ, ਸਾਡੇ ਦੋਹਾਂ ਕੋਲੋਂ ਗੱਲਾਂ ਵੀ ਸੁਣੀ ਜਾਂਦੈ! ਜੇ ਹੋਰ ਜਾਣਨਾ ਈਂ ਹੈ ਤਾਂ ਸੁਣ, ਕਰਤਾਰ ਸਿੰਘ ਸਰਾਭੇ ਨੇ ਫੌਜ਼ ਵਿਚ ਗਦਰੀ ਲਹਿਰ ਦੇ ਮੁਖੀ ਵਜੋਂ ਗੁਪਤ ਅਤੇ ਪ੍ਰਗਟ ਉਹ ਰੋਲ ਅਦਾ ਕੀਤੈ, ਜਿਸ ਨੂੰ ਕੇਂਦਰੀ ਰੋਲ ਕਿਹਾ ਜਾ ਸਕਦੈ। ਜਿਥੇ ਕੋਈ ਵੀ ਕਾਰਕੁੰਨ ਪਾਰਟੀ ਮੈਂਬਰ ਵਜੋਂ ਨਹੀਂ ਸੀ ਪਹੁੰਚ ਸਕਦਾ, ਕਰਤਾਰ ਸਿੰਘ ਉਥੇ ਪੁੱਜਾ, ਅਸਲਾ ਬਣਾਉਣਾ, ਪ੍ਰਾਪਤ ਕਰਨਾ,



ਚਲਾਉਣਾ, ਛਾਉਣੀਆਂ ਵਿਚ ਜਾ ਕੇ ਹਿੰਦ-ਵਾਸੀ ਸਿਪਾਹੀਆਂ ਨੂੰ ਜਾਗਰੂਕ ਕਰਨਾ ਅਤੇ ਹਿੰਦ-ਹਿਤੈਸ਼ੀ ਜਜ਼ਬਾ ਭਰਨਾ ਉਸੇ ਦੇ ਹਿੱਸੇ ਆਉਂਦਾ ਹੈ। ਹਾਂ, ਉਸ ਨਾਲ ਕਦੇ ਕਦੇ ਉਸਦੇ ਸਾਥੀ ਵੀ ਹੁੰਦੇ ਸਨ। ਪਿੰਗਲੇ ਜਿਹੇ ਸਾਥੀ ਨਾਲ ਉਸ ਨੇ ਖ਼ੂਬ ਕਾਰਵਾਈਆਂ ਕੀਤੀਆਂ ਅਤੇ ਫੜਿਆ ਵੀ ਨਾ ਗਿਆ, ਭਾਵੇਂ ਕਿ ਕੇਸ ਦਰ ਕੇਸ ਉਸ ਦੇ ਸ਼ੁਭ ਕੰਮਾਂ ਬਦਲੇ ਦੋਸ਼ ਬਣਾ ਕੇ ਸਰਕਾਰੇ-ਦਰਬਾਰੇ ਦਰਜ ਕੀਤੇ ਜਾਂਦੇ ਰਹੇ। ਐਨਾ ਹੋਣ ਦੇ ਬਾਵਯੂਦ ਸਰਾਭੇ ਦੇ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਰਹੀਆਂ, ਉਹ ਕਈ ਥਾਈਂ ਸੰਤੁਸ਼ਟ ਨਹੀਂ ਸੀ, ਇਸੇ ਅਸੰਤੁਸ਼ਟੀ ਨੇ ਉਸਨੂੰ ਹੋਰ ਤੇ ਅਗਾਂਹ ਹੋਰ ਕੁਝ ਕਰ ਗੁਜਰਨ ਦੀ ਚੇਸ਼ਟਾ ਲਾਈ ਰੱਖੀ ਤੇ ਉਹ ਸੱਚਮੁੱਚ ਉੱਡਣੇ ਸੱਪ ਵਾਂਗ ਉੱਡਦਾ ਰਿਹਾ ਅਤੇ ਬਾਜ਼ ਦੀ ਉਡਾਰੀ ਵਾਂਗ ਉਡਾਰੀ ਭਰਦਾ ਅਗਾਂਹ ਅਤੇ ਹੋਰ ਅਗਾਂਹ ਵੱਧਦਾ ਰਿਹਾ।

ਪਹਿਲਾ ਪਾਤਰ— ( ਤੀਜੇ ਪਾਤਰ ਵਲ ਨੂੰ ਰੌਂ ਕਰਦਾ ਹੋਇਆ ) ਇਕ ਗੱਲ ਹੋਰ ਹੈ ਕਿ ਸਦੀਆਂ ਤੋਂ ਹੀ ਕਹਾਵਤ ਹੈ ਕਿ — ਘਰ ਦਾ ਭੇਤੀ ਲੰਕਾ ਢਾਹਵੇ।

ਤੀਜਾ ਪਾਤਰ— ਹਾਂ, ਘਰ ਦੇ ਭੇਤੀ ਜਦੋਂ ਵਿਰੋਧੀ ਧਿਰ ਨਾਲ ਜਾ ਸਿਰ ਜੋੜਦੇ ਨੇ, ਤਾਂ ਭਾਈ ਸਿੱਧੀ ਵੀ ਪੁੱਠੀ ਪੈ ਜਾਂਦੀ ਜੇ।

ਪਹਿਲਾ ਪਾਤਰ— ਹਾਂ ਭਾਈ! ਤੂੰ ਟਿਕਾਣੇ ਦੀ ਗੱਲ ਕੀਤੀ ਹੈ। ਕਰਤਾਰ ਸਿੰਘ ਸਰਾਭਾ ਤਾਂ ਅੱਖ ਦੇ ਝਮਕਣ ਜਿੰਨੇ ਸਮੇਂ 'ਚ ਅੰਗਰੇਜ਼ ਪੁਲਿਸ, ਆਹਲਾ ਫਰੰਗੀ ਅਫ਼ਸਰਾਂ ਆਦਿ ਨੂੰ ਭੰਬਲਭੂਸੇ 'ਚ ਪਾ ਕੇ ਔਹ ਗਿਆ ਔਹ ਗਿਆ ਹੋ ਜਾਂਦਾ ਰਿਹੈ। ਦੁਆਬੇ, ਮਾਲਵੇ ਅਤੇ ਮਾਝੇ ਦੇ ਕਈ ਪਿੰਡਾਂ 'ਚ ਉਹ ਸਿਰਕੱਢ ਲੋਕਾਂ ਨੂੰ ਮਿਲਦਾ ਰਹਿਐ।

ਦੂਜਾ ਪਾਤਰ— ਮੁਖ਼ਬਰਾਂ ਦੀ ਗਦਾਰੀ ਅਤੇ ਵਿਸ਼ੇਸ਼ ਤੌਰ ਤੇ ਅੰਮ੍ਰਿਤਸਰ ਦੇ ਸੀ. ਆਈ. ਡੀ. ਦੇ ਡਿਪਟੀ ਸੁਪਰਡੰਟ ਲਿਆਕਤ ਹਯਾਤ ਖਾਂ ਦੇ ਉਨ੍ਹਾਂ ਯਤਨਾਂ ਸਦਕਾ ਜਿਨ੍ਹਾਂ ਤਹਿਤ ਕਿਹਾ ਗਿਆ ਸੀ ਕਿ ਗਦਰੀਆਂ ਨੂੰ ਫੜਾਉਣ ਵਾਲਿਆਂ ਦੀ ਹਰ ਮਦਦ ਕੀਤੀ ਜਾਵੇਗੀ, ਕਈ ਦੇਸ਼ ਧਰੋਹੀ ਪੈਦਾ ਹੋ ਚੁੱਕੇ ਸਨ। ਉਨ੍ਹਾਂ ਨੇ ਕਈਆਂ ਨੂੰ ਫੜਾਅ ਦਿੱਤਾ। ਇਨ੍ਹਾਂ ਗਦਰੀਆਂ ( ਦੇਸ਼ ਪ੍ਰੇਮੀਆਂ ) ਦੀ ਗਿਣਤੀ ਦਰਜਨਾਂ 'ਚ ਹੈ। ਮਾਈਕਲ ਉਡਵਾਇਰ ਖ਼ੁਦ ਬਿਆਨ ਕਰਦਾ ਹੈ ਕਿ ਗਦਰੀਆਂ ਦੀ ਥਹੁ ਪਾਉਣੀ ਸੌਖਾ ਕਾਰਜ ਨਹੀਂ। ਪ੍ਰਸਿਧ ਲੇਖਕ ਸੁਰਿੰਦਰ ਸਾਨਿਆਲ ਨੇ ਗਦਰ ਲਹਿਰ ਦੇ ਉਥਾਨ, ਨਿਘਾਰ ਅਤੇ ਗਦਰੀਆਂ ਦੇ ਫੌਜੀ ਛਾਉਣੀਆਂ 'ਚ ਕਾਰਜ ਨੂੰ ਵੀ ਖ਼ੂਬ ਬਿਆਨਿਆ ਹੈ ਅਤੇ ਹੋਰਨਾਂ ਲੇਖਕਾਂ ਨੂੰ ਵੀ, ਤੁਸੀਂ ਹੋਰ ਪੜ੍ਹ ਸਕਦੇ ਹੋ!

ਪਹਿਲਾ ਪਾਤਰ— ਸੱਚ ਐ ਭਾਈ, ਆਪਣੀ ਜੀਵੰਤ ਮਨੁੱਖੀ ਹੋਂਦ ਲਈ ਤਾਂ ਕੁਝ ਨਾ ਕੁਝ ਕਰਨਾ ਹੀ ਚਾਹੀਦੈ। ਸ਼ਾਇਦ ਤੁਸੀਂ ਜਾਣਦੇ ਹੀ ਹੋਵੋਗੇ ਕਿ ਗਦਰੀ ਲਹਿਰ ਪੰਜਾਬ ਜਾਂ ਹਿੰਦੋਸਤਾਨ 'ਚ ਨਹੀਂ, ਬਾਹਰਲੇ ਦੇਸ਼ਾਂ 'ਚ ਵੀ ਪ੍ਰਭਾਵੀ

ਰਹੀ, ਬੇਦੋਸ਼ਿਆਂ ਨੂੰ ਫ਼ਾਹੇ ਲਾਇਆ ਗਿਆ, ਉਮਰ ਭਰ ਲਈ ਜੇਲਾਂ 'ਚ ਡੱਕਿਆ ਗਿਆ। ਰੰਗੂਨ, ਬਰਮਾ ਅਤੇ ਹੋਰ ਅਨੇਕਾਂ ਸੰਸਾਰ ਦੇ ਹਿੱਸਿਆਂ 'ਚ ਗਦਰੀਆਂ ਨੂੰ ਝੂਠੇ ਕੇਸ ਬਣਾ ਕੇ ਫ਼ਾਂਸੀ ਤੇ ਲਟਕਾਇਆ ਗਿਆ।

ਤੀਜਾ ਪਾਤਰ— ਕੀ ਕੋਈ ਅਪੀਲ ਦਲੀਲ ਨਹੀਂ ਸੀ ਹੁੰਦੀ?

ਪਹਿਲਾ ਪਾਤਰ— ਉਹ ਤਾਂ ਆਜ਼ਾਦ ਲੋਕਾਂ ਲਈ ਹੁੰਦੀ ਐ, ਭਰਾਵਾ! ਜਿਹੜੇ ਸਦੀਆਂ ਤੋਂ ਗ਼ੁਲਾਮ ਹੋਣ ਉਹ ਕੀ ਜਾਣਨ ਆਜ਼ਾਦੀ ਦੇ ਮੇਵੇ ਕਿੰਨੇ ਕੁ ਮਿੱਠੇ ਹੁੰਦੇ ਨੇ?

ਦੂਜਾ ਪਾਤਰ— ਹਾਂ, ਬਈ, ਕਰਤਾਰ ਸਿੰਘ ਦਾ ਤਾਂ ਇਹੋ ਲਕਸ਼ ਰਿਹੈ, ਕਿ ਹਿੰਦੋਸਤਾਨ ਦਾ ਹਰ ਬਸ਼ਿੰਦਾ ਆਜ਼ਾਦੀ ਮਾਣੇ, ਮਰਜ਼ੀ ਦੀ ਵਿਸ਼ਾਲ ਸਿੱਖਿਆ ਗ੍ਰਹਿਣ ਕਰੇ, ਉਸਾਰੂ ਸਿਰਜਣਾ 'ਚ ਯੋਗਦਾਨ ਪਾਵੇ, ਸਾਹਿਤ ਵੀ ਰਚੇ ਅਤੇ ਨਿਰਭੈ ਹੋ ਕੇ ਜੂਝਣੋਂ ਵੀ ਨਾ ਝੁਕੇ।

ਪਹਿਲਾ ਪਾਤਰ— ਕੀ? ਭਰਾਵੋ ਤੁਸੀਂ ਇਹ ਵੀ ਚੇਤੇ ਰੱਖਿਆ ਹੋਇਐ ਕਿ ਨਹੀਂ ਕਿ ਡਾ. ਅਬਦੁੱਲਾ ਗਦਰ ਲਹਿਰ ਦੇ ਅੰਕਾਂ ਨੂੰ ਈਰਾਕ ਅਤੇ ਮੈਸੋਪਟੇਮੀਆਂ ਵਿੱਚ ਵਸਦੇ ਹਿੰਦੋਸਤਾਨੀਆਂ 'ਚ ਵੰਡਦਾ ਰਿਹੈ। ਅਮੀਰ ਖਾਂ ( ਪੰਜਾਬੀ ) ਨੂੰ ਬਾਗੀਆਨਾ ਰੁੱਚੀਆਂ ਸਦਕਾ ਜੇਲ੍ਹ 'ਚ ਨੂੜਿਆ ਗਿਆ। ਮੌਲਵੀ ਬਰਕਤਉੱਲਾ ਤੇ ਰਹਿਮਤ ਅਲੀ ਵਜ਼ੀਦ ਨੇ ਕੁਰਬਾਨੀ ਦਾ ਹਾਰ ਪੁਆਇਆ। ਇਸ ਤਰ੍ਹਾਂ ਦਰਜਨਾਂ ਹੋਰਾਂ ਦੇ ਹਿਰਦੇ ਵਲੂੰਧਰਣ ਵਾਲੇ ਪ੍ਰਸੰਗ ਸਾਡੇ ਇਤਿਹਾਸ ਦੇ ਖ਼ੁਰਦ- ਬੁਰਦ ਹੋ ਰਹੇ ਪੰਨਿਆਂ ਤੋਂ ਪਛਾਣੇ ਜਾ ਸਕਣ ਯੋਗ ਹਨ।

ਦੂਜਾ ਪਾਤਰ— ਭਾਈ, ਗੁਪਤ ਅਤੇ ਪ੍ਰਗਟ ਸਰੋਤਾਂ ਨੂੰ ਜਾਣਨ ਦੀ ਲੋੜ ਏ, ਸੈਂਕੜੇ ਸ਼ਹੀਦ ਹੋਏ, ਹਜ਼ਾਰਾਂ ਦੀ ਗਿਣਤੀ 'ਚ ਜੇਲਾਂ 'ਚ ਡੱਕੇ, ਘਰਾਂ 'ਚ ਨਜ਼ਰਬੰਦਾਂ ਅਤੇ ਹੋਰਾਂ ਦੀ ਗਿਣਤੀ ਅਸੰਭਵ ਹੈ, ਜਿਨ੍ਹਾਂ ਦੀ ਘਾਲਣਾ ਸਦਕਾ ਹਿੰਦ ਦੀ ਹੋਂਦ ਰਹੀ।

ਤੀਜਾ ਪਾਤਰ— ਭਰਾਵੋ ਤੁਸਾਂ ਤੱਥ-ਮੂਲਕ ਜਾਣਕਾਰੀ ਦਿੱਤੀ ਐ, ਉਸਦੀ ਸ਼ਖਸੀਅਤ ਦੇ ਕੁਝ ਕੁ ਹੋਰ ਪੱਖਾਂ ਬਾਰੇ ਵੀ ਮੈਨੂੰ ਅਤੇ ਮੇਰੀ ਇਸ ਅਗਲੇਰੀ ਪੀੜ੍ਹੀ ਨੂੰ ਕੁਝ ਜਾਣਕਾਰੀ ਦੇ ਦੇਵੋ।

ਪਹਿਲਾ ਪਾਤਰ— ਲੈ ਭਾਈ, ਲੈ ਭਾਈ ਮੈਂ ਤੈਨੂੰ ਲਾਹੌਰ ਸਾਜ਼ਿਸ਼ ਕੇਸ ਅਤੇ ਕਰਤਾਰ ਸਿੰਘ ਸਰਾਭੇ ਦੀ ਫ਼ਾਂਸੀ ਦੀ ਵਿੱਥਿਆ ਦੱਸਣਾ ਚਾਹੁੰਦਾ ਸਾਂ, ਤੂੰ ਤਾਂ ਹੋਰ ਵੀ ਚੰਗਾ ਸਵਾਲ ਕਰ ਦਿੱਤੈ!

ਤੀਜਾ ਪਾਤਰ— (ਉਤਸੁਕਤਾ ਦੇ ਲਹਿਜੇ ਵਿੱਚ)ਦਸ ਫਿਰ!

ਪਹਿਲਾ ਪਾਤਰ— ਬਹੁਤ ਸਾਰੇ ਲੋਕਾਂ ਨੂੰ ਜਾਣਕਾਰੀ ਨਹੀਂ ਕਿ ਕਰਤਾਰ ਸਿੰਘ ਸਰਾਭਾ ਇਕ ਪ੍ਰਬੀਨ ਪੱਤਰਕਾਰ ਅਤੇ ਗੰਭੀਰ ਕਵੀ ਵੀ ਸੀ। ਉਹ ਪਹਿਲਾ ਸ਼ਹੀਦ ਪੱਤਰਕਾਰ ਹੋਇਐ ਪਰ ਉਸਨੇ ਨਿੱਜ ਲਈ ਜਾਂ ਇਨਾਮਾਂ ਲਈ ਅਜਿਹਾ



ਕਾਰਜ ਨਹੀਂ ਕੀਤਾ, ਸਿਰਫ਼ ਤੇ ਸਿਰਫ਼ ਗ਼ੁਲਾਮ- ਹਿੰਦੀਆਂ ਨੂੰ ਆਜ਼ਾਦੀ ਪ੍ਰਾਪਤੀ ਦੇ ਯੁੱਧ ਸੰਘਰਸ਼ ਲਈ ਕੀਤੈ। ਇਸ ਸੰਬੰਧੀ ਉਸ ਦੀ ਸ਼ਹਾਦਤ ਤੋਂ ਬਾਅਦ ਬਲਵੰਤ ਉਰਫ਼ ਸ਼ਹੀਦ ਭਗਤ ਸਿੰਘ ਨੇ ਵੀ ਉਸਦਾ ਸਵੈ-ਰਚਿਤ ਲਿਖਤਾਂ 'ਚ ਕਈ ਥਾਵੇਂ ਜ਼ਿਕਰ ਕੀਤੈ, ਬਾਬਾ ਸੋਹਨ ਸਿੰਘ ਤਾਂ ਉਸਨੂੰ ' ਮੇਰਾ ਜਰਨੈਲ ' ਅਤੇ ਸਭ ਹਿੰਦੀਆਂ ਤੋਂ ਵੱਧ ਸੰਘਰਸ਼ ਕਰਨ ਵਾਲਾ ਮੰਨਦਾ ਰਿਹੈ।

ਦੂਜਾ ਪਾਤਰ— ਸੱਚ ਮੁੱਚ! ਦੇਸ਼ ਭਗਤੀ ਅਤੇ ਕੁਰਬਾਨੀ ਦਾ ਜ਼ਜ਼ਬਾ ਤਾਂ ਠਾਠਾਂ ਮਾਰ ਮਾਰ ਉੱਭਰਦਾ ਏ। ਉਸਦੀਆਂ ਵਾਰਤਕ ਲਿਖਤਾਂ ਅਤੇ ਕਵਿਤਾਵਾਂ ਉਸਦੇ ਜੀਵਨ ਦਾ ਦਰਪਣ ਬਣੀਆਂ।

ਪਹਿਲਾ ਪਾਤਰ— ਏਹੋ ਸਭ ਕੁਝ ਨਹੀਂ ਜੇ, ਉਹ ਤਾਂ ਭਾਰਤ ਦਾ ਪਹਿਲਾ ਹਵਾਬਾਜ਼ ਵੀ ਸੀ। ਜਿਸ ਨੇ ਆਰੰਭਲੇ ਸਮੇਂ 'ਚ ਜਹਾਜ਼ਾਂ ਦੇ ਪੁਰਜ਼ਿਆਂ ਦੀ ਸਾਫ਼ ਸਫ਼ਾਈ ਕਰਨੀ ਸਿੱਖੀ, ਫਿਰ ਇਨ੍ਹਾਂ ਪੁਰਜ਼ਿਆਂ ਦੀ ਕਾਰਜ-ਸ਼ਕਤੀ ਜਾਣੀ ਅਤੇ ਫਿਰ ਉੱਘੇ ਗਦਰੀਆਂ ਦੀ ਅਗਵਾਈ 'ਚ ਜਹਾਜ਼ ਉਡਾਉਣ ਦੀ ਟ੍ਰੇਨਿੰਗ ਪ੍ਰਾਪਤ ਕਰਕੇ ਜੀਵਨ ਦਾ ਹਰ ਹੀਲਾ ਹਿੰਦੋਸਤਾਨ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ 'ਚੋਂ ਮੁਕਤ ਕਰਨ ਲਈ ਅਰਪਿਤ ਕਰ ਦਿੱਤਾ।

ਦੂਜਾ ਪਾਤਰ— ਭਾਈ, ਤੂੰ ਠੀਕ ਆਖਿਐ, ਬਾਬਾ ਸੋਹਨ ਸਿੰਘ ਭਕਨਾ ਦੀਆਂ ਨਜ਼ਰਾਂ 'ਚ ਤਾਂ ਉਹ ਲਾਲਾ ਹਰਦਿਆਲ ਤੋਂ ਵੀ ਅਗਾਂਹ ਦਾ ਮਰਜੀਵੜਾ ਸੀ। ਹਰਨਾਮ ਸਿੰਘ ਟੁੰਡੀਲਾਟ, ਲਾਲਾ ਹਰਦਿਆਲ ਤਾਂ ਉਸਦੇ ਕਾਰਨਾਮਿਆਂ 'ਤੇ ਸਦਾ ਅਚੰਭਿਤ ਹੁੰਦੇ ਰਹੇ। ਬੋਸ, ਪਿੰਗਲੇ, ਮੁਨਸ਼ਾ ਸਿੰਘ ਅਤੇ ਪਰਮਾਨੰਦ ਵਰਗੇ ਪੁਰਖ ਉਸਦੀ ਸਦਾ ਵਡਿਆਈ ਕਰਦੇ ਸਨ।

ਪਹਿਲਾ ਪਾਤਰ— ਭਾਈ, ਸਿਫ਼ਤਾਂ ਕਰਦੇ ਵੀ ਕਿਉਂ ਨਾ? ਉਹ ਅਣਥੱਕ ਕਾਮਾ ਸੀ, ਚੁਸਤ-ਦਰੁਸਤ ਦਿਮਾਗ਼ ਦਾ ਧਾਰਨੀ ਸੀ, 40-50-50 ਮੀਲ ਸਾਈਕਲ ਚਲਾਅ ਕੇ ਪਾਰਟੀ ਦੇ ਕਾਰਜਾਂ ਨੂੰ ਨਿਪਟਾਉਂਦਾ ਸੀ, ਨੀਂਦਰਾ-ਉਨੀਂਦਰਾ ਉਸ ਲਈ ਕੋਈ ਅਰਥ ਨਹੀਂ ਸੀ ਰੱਖਦਾ, ਮਿਲਣਸਾਰ ਅਤੇ ਦਿਲਾਂ 'ਚ ਘਰ ਕਰ ਜਾਣ ਵਾਲਾ ਨੌਜਵਾਨ ਸੀ, ਦਰਦਮੰਦਾਂ ਦਾ ਦਰਦੀ, ਜ਼ਿੰਦਾਦਿਲੀ ਇਨਸਾਨ ਅਤੇ ਚਾਨਣ ਦਾ ਮੀਨਾਰ ਸੀ ਕਰਤਾਰ ਸਿੰਘ ਸਰਾਭਾ!

ਦੂਜਾ ਪਾਤਰ— ਤੁਹਾਨੂੰ ਸ਼ਾਇਦ ਨਹੀਂ ਚੇਤਾ ਕਿ ਜਦੋਂ ਉਸਨੂੰ ਕੁਝ ਹਿੰਦ-ਵਾਸੀਆਂ ਨੇ ਪੁੱਛਿਆ ਕਿ ਕੀ ਕਰਨਾ ਚਾਹੀਦਾ ਹੈ ਤਾਂ ਉਸ ਦਾ ਉੱਤਰ ਸੀ-

ਤਦਬੀਰ ਬਣਾਈਏ ਜੇ ਤਕਦੀਰ ਹੈ ਬਣ ਜਾਂਦੀ।
ਜੇ ਹੱਥ ਕਲਾ ਦਾ ਬੁਰਸ਼ ਹੋਵੇ , ਤਸਵੀਰ ਹੈ ਬਣ ਜਾਂਦੀ।
ਸਮੇਂ ਦੀ ਸੋਹ ਸੁਣ ਕੇ ਨਾ ਜੇ ਜਾਗੇ ਕੌਮ ਕੋਈ,
ਉਸ ਕੌਮ ਦੇ ਪੈਰਾਂ ਲਈ ਜੰਜ਼ੀਰ ਹੈ ਬਣ ਜਾਂਦੀ।

ਇਸੇ ਤਰ੍ਹਾਂ ਜਦੋਂ ਅੰਗਰੇਜ਼ ਹੁਕਮਰਾਨਾਂ ਨੇ ਉਸਨੂੰ ਕਿਹਾ ਕਿ ਤੂੰ ਅਜੇ ਨੌਜੁਆਨ ਹੈ, ਦੁਨੀਆਂ ਦੇ ਰੰਗਾਂ ਨੂੰ ਤੂੰ ਅਜੇ ਮਾਣਨਾ ਹੈ, ਕੋਈ ਰਹਿਮ, ਨਰਮਦਿਲੀ ਦੀ ਅਪੀਲ ਕਰ ਲੈ। ਤਾਂ, ਉਸਨੇ ਅਡੋਲਤਾ, ਨਿਰਭੈਤਾ ਦਾ ਜਜ਼ਬਾ ਅਤੇ ਅਹਿਸਾਸ ਪੇਸ਼ ਕਰਦਿਆਂ ਕਿਹਾ—

ਥੋੜ੍ਹੀ ਹੈ ਜਾਂ ਬਹੁਤੀ ਹੈ, ਨਹੀਂ ਫਿਕਰ ਜ਼ਿੰਦਗਾਨੀ ਦਾ,
ਨਾ ਲਾਲਚ ਹੈ ਬਹਾਰਾਂ ਦਾ, ਨਾ ਸਹਿੰਸਾ ਹੈ ਵੈਰਾਨੀ ਦਾ।
ਤਮੰਨਾ ਹੈ ਤਾਂ ਹੈ ਇੱਕੋ, ਦੇਸ਼ ਲਈ ਕੁਝ ਕਰ ਜਾਵਾਂ,
ਜੇ ਡਰਦੀ ਹੈ ਤੂਫ਼ਾਨਾਂ ਤੋਂ, ਤਾਂ ਲੱਖ ਲਾਹਨਤ ਹੈ ਜਵਾਨੀ ਦਾ।

ਦੂਜਾ ਪਾਤਰ— ਹਾਂ, ਭਾਈ, ਇਸੇ ਉੱਚ ਦਰਜੇ ਦੇ ਸੰਕਲਪ ਅਤੇ ਇਸਦੇ ਧਾਰਨੀ ਉੱਤੇ, ਹੋਰਨਾਂ ਮਹਾਨ 61 ਗਦਰੀਆਂ ਨਾਲੋਂ ਉਸ ਉੱਤੇ ਵੱਧ ਕੇਸ ਪਾਏ ਗਏ, ਵੱਧ ਖ਼ਤਰਨਾਕ ਧਾਰਾਵਾਂ ਲਾਈਆਂ ਗਈਆਂ। ਕਰਤਾਰ ਸਿੰਘ ਸਰਾਭਾ ਦੇ ਖਿਲਾਫ਼, ਦਰਜਨ ਤੋਂ ਉਪਰ ਵਾਅਦਾ ਮੁਆਫ਼ ਗਵਾਹੀਆਂ, ਅਨੇਕਾਂ ਸਰਕਾਰੀ ਗਵਾਹਾਂ, ਅਤੇ ਹੋਰਨਾਂ ਫਰੰਗੀ ਚਾਪਲੂਸਾਂ ਨੇ ਉਸ ਵਿਰੁੱਧ ਗਵਾਹੀ ਦਿੱਤੀ। ਜਵਾਲਾ ਸਿੰਘ, ਨਵਾਬ ਖਾਨ, ਮੂਲਾ ਸਿੰਘ ਆਦਿ ਅਨੇਕਾਂ ਨਾਮ ਹਨ। ਸਰਕਾਰੀ ਗਵਾਹਾਂ ਨੇ ਤਾਂ ਦੋਸ਼ਾਂ, ਕੇਸਾਂ ਦੀ ਝੜੀ ਹੀ ਲਾ ਦਿੱਤੀ। ਦੇਸ਼—ਵਿਦੇਸ਼ ਦੇ ਸੱਚੇ ਹਵਾਲਿਆਂ ਨੂੰ ਝੂਠ ਦਾ ਪੁਲੰਦਾ ਬਣਾ ਦਿੱਤਾ ਗਿਆ। ਵਾਅਦਾ ਮੁਆਫ ਗਵਾਹਾਂ ਦੀ ਗਿਣਤੀ ਵੱਧਦੀ ਗਈ, 82 ਗਦਰੀ ਕਾਰਕੁੰਨਾ ਨੂੰ ਵਿਭਿੰਨ ਸਜਾਵਾਂ ਸੁਣਾਈਆਂ ਗਈਆਂ। ਤੇ ਸਭ ਤੋਂ ਵੱਧ ਸਰਾਭੇ ਨੂੰ।

ਪਹਿਲਾ ਪਾਤਰ— ਵੀਰ ਮੇਰਿਆ, ਇਹ ਦਰਦ ਭਰੀ ਕਹਾਣੀ ਸਾਥੋਂ ਹੋਰ ਨਹੀਓਂ ਸੁਣੀ ਅਤੇ ਸੁਣਾਈ ਜਾਣੀ। ਤੂੰ ਜਾਣਨੈਂ, ਸੈਂਕੜੇ ਮਰਜੀਵੜਿਆਂ ਨੂੰ ਉਮਰ ਕੈਦ, ਸੈਂਕੜਿਆਂ ਨੂੰ ਕਾਲੇ ਪਾਣੀ ਦੀ ਸਜ਼ਾ, ਸੈਂਕੜਿਆਂ ਨੂੰ ਘਰਾਂ 'ਚ ਨਜ਼ਰਬੰਦ ਅਤੇ ਸੈਂਕੜਿਆਂ ਨੂੰ ਫਾਂਸੀ ਦਿੱਤੀ ਗਈ। 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਅਤੇ ਇਸਦੇ ਨਾਲ ਹੀ ਜਗਤ ਸਿੰਘ, ਸੁਰਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖਸ਼ੀਸ਼ ਸਿੰਘ ਗਿਲਵਾਲੀ, ਵਿਸ਼ਨੂੰ ਗਣੇਸ਼ ਪਿੰਗਲੇ, ਸੁਰਾਇਣ ਸਿੰਘ ( ਵੱਡਾ ) ਗਿਲਵਾਲੀ ਅਤੇ ਸੁਰਾਇਣ ਸਿੰਘ ( ਛੋਟਾ ) ਗਿਲਵਾਲੀ ਨੂੰ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਤੀਜਾ ਪਾਤਰ— ਫਾਂਸੀ ਚੜ੍ਹਦੇ ਸਮੇਂ ਕਰਤਾਰ ਸਿੰਘ ਸਰਾਭੇ ਦੇ ਚਿਹਰੇ ਦਾ ਦ੍ਰਿਸ਼ ਕੀ ਸੀ?

ਦੂਜਾ ਪਾਤਰ— ਉਹ ਅਡੋਲ ਸੀ, ਹੱਸਦਾ ਸੀ, ਮੂੰਹ ਤੇ ਲਾਲੀ ਸੀ। ਭੈਣ ਧੰਨ ਕੌਰ ਪਾਸੋਂ ਉਸਨੇ ਰੱਖੜੀ ਬਣਵਾਈ ਸੀ ਅਤੇ ਆਜ਼ਾਦੀ ਲਾੜੀ ਨੂੰ ਵਿਆਹੁਣ ਵਾਸਤੇ ਘੋੜੀ ਸੁਣੀ ਸੀ। ਉਸਨੇ ਦਾਦਾ ਸ੍ਰ. ਬਚਨ ਸਿੰਘ ਪਾਸੋਂ ਅੰਗੂਰ ਅਤੇ ਮਠਿਆਈ ਵੀ ਖਾਧੀ ਸੀ ਅਤੇ ਅਡੋਲ, ਨਿਰਭੈ ਅਤੇ ਜ਼ਿੰਦਾਦਿਲੀ ਦਾ ਸਬੂਤ ਪੇਸ਼ ਕੀਤਾ। ਕਈ ਹੋਰਨਾਂ ਨੇ ਅਪੀਲਾਂ ਦਲੀਲਾਂ ਕੀਤੀਆਂ



ਸਨ, ਪਰ ਕਰਤਾਰ ਸਿੰਘ ਸਰਾਭੇ ਨੇ ਗੋਰੀ ਹਕੂਮਤ ਅੱਗੇ ਨਾ ਆਪ ਅਤੇ ਨਾ ਰਿਸ਼ਤੇਦਾਰਾਂ ਵੱਲੋਂ ਅਪੀਲ ਪਾਈ ਸੀ, ਸਗੋਂ ਆਪਣੀ ਪਛਾਣ ਨੂੰ ਸਵੈ ਰਚਿਤ ਕਵਿਤਾ ਜ਼ਰੀਏ ਦੱਸਿਆ ਸੀ ਕਿ-

" ਯਹੀ ਪਾਓਗੇ ਮਹਿਸ਼ਰ ਮੇਂ ਜ਼ੁਬਾਂ ਮੇਰੀ, ਬਿਆਂ ਮੇਰਾ,
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੋਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼ਹਬ, ਯਹੀ ਫਿਰਕਾ, ਯਹੀ ਹੈ ਖਾਲਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜ਼ਰਾ ਹੂੰ,
ਯਹੀ ਬਸ ਏਕ ਪਤਾ, ਯਹੀ ਨਾਮੋ-ਨਿਸ਼ਾਂ ਮੇਰਾ।
ਕਦਮ ਲੂੰ ਮਾਦਰੇ-ਭਾਰਤ ਤੇਰੇ, ਮੈਂ ਊਠਤੇ ਔਰ ਬੈਠਤੇ,
ਕਹਾਂ ਕਿਸਮਤ ਮੇਰੀ ਏਸੀ, ਨਸੀਬਾ ਯਹ ਕਹਾਂ ਮੇਰਾ।
ਤੇਰੀ ਖ਼ਿਦਮਤ ਮੇਂ ਐ ਭਾਰਤ, ਯਹ ਸਰ ਜਾਏ, ਯਹ ਜਾਂ ਜਾਏ,
ਤੋ ਸਮਝੂੰਗਾ, ਯਹ ਮਰਨਾ ਹਯਾਤੇ ਜਾਦਵਾ ਮੇਰਾ।

(ਅੰਤ 'ਤੇ ਸ਼ੁਰੂ ਵਾਲੀ ਧੁਨ ਅਤੇ ਓਹੋ-ਬੋਲ "ਸੇਵਾ ਦੇਸ਼ ਦੀ ਜ਼ਿੰਦੜੀਏ..." ਫਿਰ ਹੌਲੀ ਸੁਰ ਤੋਂ ਉਚੀ ਸੁਰ 'ਚ ਸੁਣਾਈ ਦੇਂਦੇ ਹਨ। ਫਿਰ ਹੌਲੀ ਹੌਲੀ ਮਾਤਮੀ ਸੁਰਾਂ ਉਭਰਦੀਆਂ ਹਨ, ਜਿਸ ਨਾਲ ਸੋਗ ਦਾ ਵਾਤਾਵਰਣ ਬਣਦਾ ਹੈ ਅਤੇ ਉਦਾਸੀ ਦਾ ਆਲਮ ਛਾ ਗਿਆ ਪ੍ਰਤੀਤ ਹੁੰਦਾ ਹੈ।)

**9814209732**

**ਪਤਾ- ਡਾ. ਜਗੀਰ ਸਿੰਘ ਨੂਰ 9814209732, ਏ-9,**

**ਚਾਹਲ ਨਗਰ, ਫਗਵਾੜਾ-144401**

◆◆◆

**ਨੋਟ - ਵਾਰਤਕ ਨਾਲ ਸਬੰਧਿਤ ਕਾਫ਼ੀ ਮੈਟਰ ਇਕੱਠਾ ਹੋਣ ਕਾਰਨ ਇਕ ਅੰਕ ਵਿੱਚ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਨੂੰ ਥੋੜ੍ਹੀ ਥਾਂ ਦਿੱਤੀ ਜਾ ਰਹੀ ਹੈ। ਅਗਲੇ ਅੰਕ ਵਿੱਚ ਇਸ ਵਿਧਾ ਨਾਲ ਹੀ ਸ਼ੁਰੂਆਤ ਕੀਤੀ ਜਾਵੇਗੀ।**

# ਗੀਤ , ਕਵਿਤਾਵਾਂ ਅਤੇ ਗ਼ਜ਼ਲਾਂ

***ਪੰਜਾਬੀ ਵਿਰਸੇ ਨੂੰ ਸਮਰਿਪਤ***

## ਗੀਤ-ਟੀਸੀਆਂ ਦੇ ਬੇਰ

**ਸਤਵਿੰਦਰ ਬੇਗੋਵਾਲੀਆ**



ਸੁਫ਼ਨੇ ਤਾਂ ਸੱਚ ਕਰ ਕੇ ਵਿਖਾਉਂਦੇ ਹਾਂ
ਜਿਧਰੋਂ ਵੀ ਜਾਈਏ ਨਵੇਂ ਰਾਹ ਬਣਾਉਂਦੇ ਹਾਂ।
ਪਾਣੀਆਂ ਦੇ ਮੁੱਖ ਅਸੀਂ ਮੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ
ਦੁਨੀਆਂ 'ਚ ਸਾਡੀ ਹੈ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿੱਚ ਤਾਂ ਘੁਲੀ ਮਿਸ਼ਰੀ
ਕਿਸੇ ਪਾਸਿਉਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਉੱਚੀਆਂ ਹਵਾਵਾਂ ਨੂੰ ਸਰ ਕਰਦੇ
ਕਿਸੇ ਦੀ ਚੜਤ ਹੋਏ ਨਹੀਂ ਸੜਦੇ।
ਖੁੱਲ੍ਹੇ ਦਿਲ ਵੇਖ ਦਰਿਆ ਡਰਦੇ
ਵੱਡੇ ਵੱਡੇ ਲੋਕ ਸਾਡਾ ਪਾਣੀ ਭਰਦੇ।
ਜ਼ਾਲਮਾਂ ਦੀ ਧੌਣ ਮਰੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ

ਖੁਸ਼ੀਆਂ 'ਚ ਰਲ ਮਿਲ ਗੀਤ ਗਾਈਏ
ਆਪ ਨੱਚੀਏ ਹੋਰਾਂ ਨੂੰ ਨਚਾਈਏ।
ਘਰ ਆਏ ਨੂੰ ਹੱਸ ਕੇ ਬਿਠਾਈਏ
ਕਦੇ ਨਾ ਮੱਥੇ ਉੱਤੇ ਵਟ ਪਾਈਏ।
ਕੱਚਿਆਂ ਨੂੰ ਤੋੜ ਵਿਛੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ

ਸੰਪਰਕ 98154-64620



## ਰੁੱਖ

**-ਅਜੀਤ ਸਿੰਘ ਰਾਹੀ**



ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇਕ ਸਹਾਰਾ

ਸਾਉਣ ਮਹੀਨੇ ਪਿੱਪਲਾਂ ਉੱਤੇ ਪੀਂਘਾਂ ਪਾਉਣ ਮੁਟਿਆਰਾਂ।
ਪਿੱਪਲਾਂ ਹੇਠਾਂ ਗਿੱਧੇ ਪਾਵਣ ਰਲ ਮਿਲ ਕੇ ਸਭ ਨਾਰਾਂ।
ਸਾਉਣ ਮਹੀਨੇ ਮੇਲਾ ਲੱਗਜੇ ਪਿੱਪਲਾਂ ਹੇਠਾਂ ਭਾਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।

ਰੁੱਖਾਂ ਦੀ ਲੱਕੜੀ ਤੋਂ ਲੋਕੀਂ ਆਪਣੇ ਘਰ ਬਣਾਉਂਦੇ।
ਕੜੀਆਂ ਬਾਲੇ ਚੀਰ ਚੀਰ ਕੇ ਛੱਤ ਦੇ ਉੱਤੇ ਪਾਉਂਦੇ।
ਮੀਂਹ ਧੁੱਪ ਤੋਂ ਬਚਕੇ ਲੋਕੀਂ ਘਰ ਵਿੱਚ ਕਰਨ ਗੁਜ਼ਾਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।

ਖੇਤਾਂ ਦੇ ਵਿੱਚ ਰੁੱਖਾਂ ਥੱਲ੍ਹੇ ਬਹਿਕੇ ਵਕਤ ਲੰਘਾਈਏ।
ਜੇ ਨਾ ਕੋਠਾ ਖੇਤ 'ਚ ਹੋਵੇ ਦੱਸੋ ਕਿੱਧਰ ਜਾਈਏ।
ਸਿਖ਼ਰ ਦੁਪਹਿਰੇ ਕਿੱਕਰ ਥੱਲੇ ਬਹਿਜੂ ਟੱਬਰ ਸਾਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।

ਵਾਤਾਵਰਣ ਨੂੰ ਸਾਫ਼ ਇਹ ਕਰਦੇ ਦਿੰਦੇ ਠੰਡੀਆਂ ਛਾਂਵਾਂ।
ਰੁੱਖ ਸਾਡੇ ਮਾਂ ਬਾਪੂ ਵਾਂਗੂੰ ਲੱਗਦੇ ਵਾਂਗ ਭਰਾਵਾ।
ਨਾਂ ਚਲਾਇਓ ਰੁੱਖ ਕੱਟਣ ਨੂੰ ਇਹਨਾਂ ਉੱਤੇ ਆਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।

ਵਾਤਾਵਰਣ ਨੂੰ ਸਾਫ਼ ਜੇ ਰੱਖਣਾ ਬਹੁਤੇ ਰੁੱਖ ਲਗਾਓ।
ਫ਼ਲ ਵਾਲੇ ਬੂਟਿਆਂ ਨੂੰ ਲਾ ਕੇ ਮਿੱਠੇ ਫ਼ਲ ਵੀ ਖਾਓ।
ਭਾਂਤ ਭਾਂਤ ਦੇ ਫ਼ਲ ਖਾ ਕੇ ਲੋਕੋ ਲੈ ਲੋ ਖ਼ੂਬ ਨਜ਼ਾਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।

**98729-31704, ਮਕਾਨ ਨੰ. 12,**
**ਗਲੀ ਨੰ. 1, ਗੁਰਮੱਤ ਕਲੋਨੀ, ਨੇੜੇ ਸੂਲਰ ਚੌਂਕ ਪਟਿਆਲਾ**

# ਇਸ਼ਕ ਅਵੱਲਾ

-ਜਸਪ੍ਰੀਤ ਸਿੰਘ ਯੂ.ਐਸ.ਏ.

ਮਾਏਂ ! ਨੀ ਮੇਰਾ ਇਸ਼ਕ ਅਵੱਲਾ।
ਮਾਏਂ ! ਨੀ ਮੇਰਾ ਇਸ਼ਕ ਅਵੱਲਾ।
ਇਸ਼ਕ ਮੇਰੇ ਨੇ ਕਰ ਛੱਡਿਆ ਏ
ਮੇਰੇ ਦਿਲ ਨੂੰ ਝੱਲਾ
ਮਾਏਂ ! ਨੀ ਮੇਰਾ ਇਸ਼ਕ ਅਵੱਲਾ।

ਜਿਸ ਨਾਲ ਇਹਨੇ ਪ੍ਰੀਤ ਹੈ ਪਾਈ,
ਉਸਨੂੰ ਇਸਦੀ ਕਦਰ ਨਾ ਕਾਈ,
ਫਿਰ ਕਿੱਦਾਂ ਮੈਨੂੰ ਮੁੰਦਰੀ ਮਿਲਦੀ,
ਕਿੰਵ ਮਿਲ ਜਾਂਦਾ ਛੱਲਾ;
ਮਾਏਂ ! ਨੀ ਮੇਰਾ ਇਸ਼ਕ ਅਵੱਲਾ।

ਨੈਣ ਮੇਰੇ ਹੁਣ ਰੋਂਦੇ ਰਹਿੰਦੇ,
ਬੁੱਲ੍ਹ ਵੀ ਚੁੱਪ ਨੇ ਕੁਝ ਨਾ ਕਹਿੰਦੇ,
ਧੜਕਣ ਦਿਲ ਦੀ ਕੈਦ ਹੋ ਕੇ
ਕਰ ਦੇਂਦੀ ਏ ਹੱਲਾ;
ਮਾਏਂ ! ਨੀ ਮੇਰਾ ਇਸ਼ਕ ਅਵੱਲਾ।

ਜਿੰਨਾ ਮੈਂ ਇਸ ਰੋਗ ਤੋਂ ਡਰਦੀ,
ਓਨਾ ਅੰਦਰੋ ਅੰਦਰੀ ਮਰਦੀ,
ਹੁਣ ਇਹ ਐਸਾ ਹੱਡੀਂ ਬਹਿ ਗਿਆ,
ਲੱਗੇ ਦਰਦ ਸਵੱਲਾ ;
ਮਾਏਂ ! ਨੀ ਮੇਰਾ ਇਸ਼ਕ ਅਵੱਲਾ।

ਦਿਲ ਮੇਰੇ ਵਿਚ ਪੀੜ ਬੜੀ ਏ,
ਚਾਵਾਂ ਮੂਹਰੇ ਆਣ ਖੜੀ ਏ,
ਕੌਣ ਲਗਾਵੇ ਮਰਹਮ ਇਸ ਨੂੰ ,
ਕੌਣ ਫੜਾਵੇ ਪੱਲਾ ;
ਮਾਏਂ ! ਨੀ ਮੇਰਾ ਇਸ਼ਕ ਅਵੱਲਾ।

◆◆◆



# ਕਾਵਿ ਸੰਸਾਰ

## ਮਾਂ ਮਿੱਟੀ ਦਾ ਮਾਤਮ

**ਪ੍ਰੋ. ਕੁਲਵੰਤ ਸਿੰਘ ਔਜਲਾ**

ਮਾਂ ਮਿੱਟੀਏ ਤੇਰੇ ਬਲਦੇ ਰਹਿਣ ਹਮੇਸ਼ਾ ਚਿਰਾਗ਼
ਅਸੀਂ ਬੇਵਤਨੇ ਤੇ ਨਿਰਮੋਹੇ, ਸਾਡੇ ਮਸਤਕ ਵਿੱਚ ਵੈਰਾਗ

ਕਣਕ, ਕਮਾਦ, ਝੋਨੇ ਤੇ ਮੱਕੀਆਂ, ਕੀ ਪਾਲਕ, ਕੀ ਸਾਗ
ਕਣ ਕਣ ਨੂੰ ਜ਼ਹਿਰੀਲਾ ਕਰ ਗਿਆ ਵੱਧ ਉਪਜ ਦਾ ਫਨੀਅਰ ਨਾਗ

ਦੂਸ਼ਿਤ ਹਵਾ, ਪਾਣੀ ਤੇ ਮਿੱਟੀ, ਦੂਸ਼ਿਤ ਛੱਲੀਆਂ, ਸਿੱਟੇ, ਆਗ
ਫਸਲਾਂ ਝੂੰਗਣ ਤੋਂ ਇਨਕਾਰੀ ਹੋ ਗਏ ਤੋਤੇ ਚਿੜੀਆਂ ਕਾਗ

ਡਸਟ ਬਿੰਨ ਨਦੀਆਂ ਤੇ ਨਾਲੇ, ਅੰਨਦਾਤੇ ਦੇ ਸੜ ਗਏ ਭਾਗ
ਨਵ-ਜੰਮੀਆਂ ਨਸਲਾਂ ਨੂੰ ਚਰ ਗਏ ਨਸ਼ਿਆਂ ਦੇ ਵਿਉਪਾਰੀ ਘਾਗ

ਸ਼ੋਹਰਤ ਅਤੇ ਅਡੰਬਰਾਂ ਵਾਲੇ, ਪਾਪੂਲਰ ਹੋ ਗਏ ਸ਼ਗਨ-ਸੁਹਾਗ
ਦਿਲ ਦੀ ਕੁੱਖੋਂ ਹੁਣ ਨਹੀਂ ਉਗਦੇ ਲੰਗਰ ਕਰੂੰਬਲ ਵਾਂਗੂੰ ਰਾਗ

ਹਰ ਜਿਸਮ ਨੂੰ ਲਗ ਗਈ ਜਾਪੇ, ਪੈਸੇ ਵਾਲੀ ਚੰਦਰੀ ਲਾਗ
ਲੱਭਦਾ ਰਹੀਂ ਕੋਈ ਮਾਂਦਰੀ, ਜੋ ਕੀਲੇ ਤ੍ਰਿਸ਼ਨਾ-ਨਾਗ

ਕਿਸ ਨੂੰ ਦੋਸ਼ ਦਈਏ ਮਾਂ ਮਿੱਟੀਏ, ਕਿਸ ਦਾਮਨ ਤੇ ਲਾਈਏ ਦਾਗ਼
ਕੋਈ ਨਾ ਦਿੰਦਾ ਹੋਕਰਾ, ਜਾਗ ਤੂੰ ਬੰਦਿਆ ਜਾਗ

ਟੁੱਟ ਗਈ ਸਰਵਣ ਦੀ ਵਹਿੰਗੀ, ਉਜੜ ਗਿਆ ਪੂਰਨ ਦਾ ਬਾਗ਼
ਲੱਭਦਾ ਨਹੀਂ ਕੋਈ ਸੂਰਮਾ, ਜੋ ਫੜੇ ਸਮੇਂ ਦੀ ਵਾਗ

ਬੇਸੁਰ ਹੋਈਆਂ ਪੱਤਝੜਾਂ, ਬਾਂਝ ਹੋ ਗਏ ਫੁੱਲ-ਪਰਾਗ
ਕੌਣ ਲੁੱਟ ਬਹਾਰਾਂ ਲੈ ਗਿਆ, ਲੱਭਦਾ ਨਹੀਂ ਸੁਹਾਗ।

**97, ਮਾਡਲ ਟਾਊਨ, ਕਪੂਰਥਲਾ**
**ਫ਼ੋਨ - 01822-235343, 502556**

## ਤ੍ਰੇਲ ਦੇ ਤੁਪਕੇ

**-ਵਿਮਨ ਗੁਗਲਾਨੀ**

ਤ੍ਰੇਲ ਦੇ ਤੁਪਕੇ ਮੋਤੀ
ਮੋਤੀ ਰੂਹ ਜਿਉਂ ਦੁੱਧੀ ਧੋਤੀ।
ਅੱਖੀਆਂ ਨੂੰ ਮੋਹੀ ਜਾਵਣ,
ਮਨ ਦੀਆਂ ਲਹਿਰਾਂ ਨੂੰ ਭਾਵਣ,
ਸੂਰਜ ਦੀਆਂ ਕਿਰਨਾਂ ਦੀ ਲਾਲੀ,
ਤ੍ਰੇਲ ਤ੍ਰੁੱਪਕਿਆਂ ਦੀ ਹਰ ਆਲੀ।
ਸੁਬਾਹ ਸੁਬਾਹ ਇਹ ਮਨ ਨੂੰ ਮੋਂਹਦੇ
ਜੱਗ ਤੋਂ ਇਹੋ ਮੁੱਖ ਲਕੋਂਦੇ।
ਦਿਲ ਕਰਦੈ ਮੈਂ ਹਾਰ ਪਰੋਲਾਂ,
ਰੀਝਾਂ ਦੀ ਮੈਂ ਝਲਕ ਸਮੋ ਲਾਂ।
ਹਰੇ ਘਾਹ ਦੀਆਂ ਤਿੜਾਂ ਸਾਂਭਕੇ,
ਮੋਤੀਆਂ ਦਾ ਰੂਹ ਅਨੰਦ ਮਾਣਕੇ,
ਖੁਲ੍ਹੇ ਜਿਹੇ ਮੈਦਾਨਾਂ ਅੰਦਰ
ਤ੍ਰੇਲ ਦੇ ਤੁੱਪਕੇ ਬਣੇ ਸਿਕੰਦਰ,
ਗੁਗਲਾਨੀ ਦੇ ਮਨ ਦੀ ਰੀਝ,
ਸੌਣ ਮਹੀਨੇ ਦੀ ਇਹ ਤੀਜ।

3200, ਸੈਕਟਰ 40-ਡੀ
ਚੰਡੀਗੜ੍ਹ।, 09888973200

◆◆◆

## ਭੂਤ ਪ੍ਰੇਤ

**ਉਡੀਕ ਸਿੰਘ**

ਇਹ ਭੂਤ ਪ੍ਰੇਤ ਅਤੇ ਜਿੰਨ ਸਾਰੇ
ਸਭ ਡਰਦੇ ਨੇ ਇਨਸਾਨਾਂ ਤੋਂ।
ਅਤਿਆਚਾਰੀ ਰਿਸ਼ਵਤਖੋਰ,
ਮਿਲਾਵਟਖੋਰ ਬੇਈਮਾਨਾਂ ਤੋਂ।
ਆਪਣੀ ਕੁੱਖ ਵਿੱਚ ਧੀ ਆਪਣੀ,
ਮੈਂ ਕੋਈ ਭੂਤ ਮਾਰਦੀ ਦੇਖੀ ਨਾ।
ਦਾਜ ਲਈ ਨੂੰਹ ਤੇਲ ਪਾ ਕੇ,
ਮੈਂ ਕੋਈ ਭੂਤ ਸਾੜਦੀ ਦੇਖੀ ਨਾ।
ਨਿੱਕੇ ਨਿੱਕੇ ਮਾਸੂਮਾਂ ਨਾਲ,



ਕੋਈ ਜਿੰਨ ਬਦਫੈਲੀਆਂ ਕਰਦਾ ਨਾ।
ਧਨ ਦੌਲਤ ਲਈ ਆਪਣਿਅਣਾਂ ਹੱਥੋਂ,
ਕੋਈ ਪ੍ਰੇਤ  ਕਦੀ ਵੀ ਮਰਦਾ ਨਾ।
ਧਰਮ ਦੇ ਨਾਂ ਤੇ ਦੁਨੀਆ ਨੂੰ,
ਕੋਈ ਭੂਤ ਕਦੇ ਵੀ ਲੁੱਟਦਾ ਨਾ।
ਬਾਬਾ ਬਣ ਆਪਣੀ ਚੇਲੀਆਂ ਦੀ
ਕੋਈ ਰਾਕਸ਼ ਇੱਜ਼ਤ ਕਦੇ ਲੁੱਟਦਾ ਨਾ।
ਖਾਣ ਪੀਣ ਦੀਆਂ ਚੀਜ਼ਾਂ ਵਿੱਚ,
ਕੋਈ ਜਿੱਨ ਮਿਲਾਵਟ ਕਰਦਾ ਨਾ।
ਇਹਨਾਂ ਭੂਤ ਪ੍ਰੇਤ ਦੇ ਦੰਗਿਆਂ ਵਿੱਚ,
ਕੋਈ ਬੇਦੋਸ਼ਾ ਕਦੇ ਮਰਦਾ ਨਾ।
ਜੱਜ ਬਣ ਗਰੀਬ ਅਮੀਰ ਵਿੱਚ,
ਕੋਈ ਰਾਕਸ਼ ਵਿਤਕਰਾ ਕਰਦਾ ਨਾ।
ਕਿਸੇ ਸ਼ਰਾਬੀ ਰਾਕਸ਼ ਦੀ ਕਾਰ ਥੱਲੇ,
ਕੋਈ ਫੁੱਟਪਾਥ ਤੇ ਸੁੱਤਾ ਮਰਦਾ ਨਾ।
ਕੋਈ ਰਾਹੂ ਮੂੰਹ ਤੇ ਬੰਨ ਕੱਪੜਾ,
ਕੋਈ ਬੈਂਕ ਕਦੇ ਵੀ ਲੁੱਟਦਾ ਨਾ।
ਕੋਈ ਕੇਤੂ ਜਹਾਜ ਉੱਤੇ ਚੜਕੇ,
ਐਟਮ ਬੰਬ ਕਦੇ ਵੀ ਸੁੱਟਦਾ ਨਾ।
ਕੰਮ ਸਭ ਮਾੜੇ ਦੁਨੀਆ ਦੇ,
ਅਸੀਂ ਖੁਦ ਇਨਸਾਨ ਹੀ ਕਰਦੇ ਹਾਂ।
ਫਿਰ ਇਸ ਵਿਚਾਰਿਆਂ ਭੂਤਾਂ ਤੋਂ,
ਅਸੀਂ ਲੋਕੋ ਕਾਹਤੋਂ ਡਰਦੇ ਹਾਂ।
ਕਈ ਬਾਬੇ ਨਾਨਕ ਵਰਗੇ ਜੀ,
ਸਿੱਧੇ ਰਾਹ ਸਾਨੂੰ ਪਾ ਗਏ ਸੀ।
ਕਬੀਰ, ਫਰੀਦ, ਰਵਿਦਾਸ ਜਿਹੇ,
ਦੁਨੀਆਂ ਨੂੰ ਸੱਚ ਸੁਣਾ ਗਏ ਸੀ।
ਉਡੀਕ ਸਿੰਘ ਕਹੇ ਬੰਦਾ ਹੀ ਰਾਕਸ਼ ਹੈ,
ਜਦ ਇਹ ਮਾੜੇ ਕੰਮ ਕਰੇ।
ਬੰਦਾ ਹੀ ਦੇਵਤਾ ਬਣ ਜਾਵੇ।
ਜਦ ਦੇਵਤਿਆਂ ਵਾਲੇ ਕੰਮ ਕਰੇ।
ਇਹ ਭੂਤ ਪ੍ਰੇਤ ਅਤੇ ਜਿੰਨ ਸਾਰੇ,
ਸਭ ਡਰਦੇ ਨੇ ਇਨਸਾਨਾਂ ਤੋਂ।

ਅਤਿਆਚਾਰੀ ਰਿਸ਼ਵਤਖੋਰ,
ਮਿਲਾਵਟਖੋਰ ਬੇਈਮਾਨਾਂ ਤੋਂ।

01885052751

◆◆◆

## ਭਾਲ

ਇਹ ਬੱਦਲਾਂ ਦੀ
ਗਰਜਣ ਨਹੀਂ ਸੀ
ਜੋ ਪਾਣੀ ਬਰਸਿਆ
ਇਹ ਤਾਂ
ਦਿਲ ਟੁੱਟਿਆ ਸੀ।
ਤੇਰਾ
ਦੂਰ-ਦੁਰਾਡੇ
ਕਿਤੇ ਤੁਰ ਜਾਣਾ
ਫਿਰ ਮੁੜ ਨਾ ਆਣਾ
ਤੈਨੂੰ ਵੇਖਣ ਲਈ
ਨੈਣਾਂ ਦਾ ਤਰਸਣਾ
ਭਟਕਣਾ।
ਆਪਣਾ ਆਪ ਭੁਲਾ ਕੇ
ਪੂਜਕ ਬਣਿਆ।
ਇਸ਼ਕ ਮਜ਼ਾਜੀ ਹਕੀਕੀ
ਕਿਤੇ ਪਿੱਛੇ ਰਹਿ ਗਏ
ਤੇਰੀ ਭਾਲ ਵਿੱਚ
ਸ਼ੈਦਾਈਆਂ ਵਾਂਗ
ਹਵਾ, ਪਾਣੀ
ਅਕਾਸ਼, ਪਾਤਾਲ, ਧਰਤ
ਸਭ ਗਾਹ ਦਿੱਤੇ।
ਤੂੰ ਨਾ ਮਿਲਿਆ
ਹੋ ਸਕਦੈ
ਕੋਈ ਕਮੀ
ਮੇਰੇ ਵਿੱਚ ਹੀ
ਰਹੀ ਹੋਵੇਗੀ
ਵਰਨਾ
ਤੇਰੇ ਲਈ ਤਾਂ
ਕੋਈ ਮੁਸ਼ਕਿਲ ਨਹੀਂ ਸੀ।
ਮੇਰਾ ਰੱਬ ਬਣਨਾ।



**ਜਗਜੀਤ ਸਿੰਘ ਗੁਰਮ**
**ਮਕਾਨ ਨੰ. 1008/29/2, ਗਲੀ ਨੰ. 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ, ਲੁਧਿਆਣਾ।**

◆◆◆

## ਧੀ

**ਹਰਚਰਨ ਕੌਰ ਚੰਨੀ ਚਹਿਲ**

ਰੱਬਾ ਤੈਨੂੰ ਕੀ ਸਮਝਾਵਾਂ,
ਜੀ ਕਰਦਾ ਏ ਮਰ ਮੁੱਕ ਜਾਵਾਂ।
ਨਾ ਫਿਰ ਧੀ ਦੀ ਜੂਨ 'ਚ ਆਵਾਂ,
ਨਾ ਅੰਮੜੀ ਦੀ ਅੱਖ ਦਾ ਹੰਝੂ
ਨਾ ਬਾਬਲ ਦਾ ਹਉਕਾ ਬਣ ਜਾਵਾਂ।



ਜਦ ਤੋਂ ਮਾਂ ਦੀ ਕੁੱਖ 'ਚ ਆਵਾਂ,
ਏਹੀ ਸੋਚਾਂ ਸੋਚ ਪਛਤਾਵਾਂ,
ਕੁੱਖ ਵਿੱਚ ਨਾ ਮਾਰੀ ਜਾਵਾਂ।
ਜੇਕਰ ਉਥੋਂ ਬਚ ਵੀ ਜਾਵਾਂ,
ਜਦ ਫੇਰ ਏਸ ਜਗਤ ਤੇ ਆਵਾਂ।
ਹੰਝੂਆਂ ਨਾਲ ਸਵਾਗਤ ਹੁੰਦਾ,
ਪੱਥਰ ਹੀ ਮੈਂ ਨਾਮ ਧਰਾਵਾਂ।
ਅਣਖ ਲਈ ਮੈਨੂੰ ਮਾਪੇ ਮਾਰਨ,
ਬਲੀ ਦਾਜ ਦੀ ਜਾ ਚੜ ਜਾਵਾਂ।
ਸਦੀਆਂ ਤੋਂ ਮੈਂ ਲੜਾਂ ਲੜਾਈ,
ਫਿਰ ਵੀ ਪੂਰਾ ਹੱਕ ਨਾ ਪਾਵਾਂ।
ਸੇਵਾ ਤੇ ਬਲੀਦਾਨ ਦੀ ਮੂਰਤ,
ਹਰ ਦਿਨ ਦੁੱਖ ਮੈਂ ਨਵਾਂ ਹੰਢਾਵਾਂ।
ਹਰ ਦਿਨ ਦੁੱਖ ਮੈਂ ਨਵਾਂ ਹੰਢਾਵਾਂ।

**ਪਿੰਡ ਕਣਕਵਾਲ ਚਹਿਲਾਂ, ਤਹਿ. ਬੁਢਲਾਡਾ**
**ਜ਼ਿਲ੍ਹਾ ਮਾਨਸਾ, ਪਿੰਨ 151502, ਫ਼ੋਨ 94173-61546**

# ਗ਼ਜ਼ਲ ਸੱਥ

## ਜਨਕਪ੍ਰੀਤ ਬੇਗੋਵਾਲ

ਛਾਂਵਾਂ ਛਾਵਾਂ ਆਖਣ ਨਾਲ ਕਦੋਂ ਨੇ ਮਿਲਦੀਆਂ ਛਾਂਵਾਂ।
ਛਾਂਵਾਂ ਵੀ ਰੁਸ ਜਾਂਦੀਆਂ ਨੇ ਜਦ ਜਗ ਤੋਂ ਜਾਂਦੀਆਂ ਮਾਵਾਂ।



ਜਿਹਦੇ ਮੇਰੀਆਂ ਪਲਕਾਂ ਉੱਤੋਂ ਹੰਝੂ ਮੇਰੇ ਪੂੰਝਣ,
ਉਹਨਾਂ ਹੱਥਾਂ ਨੂੰ ਮੈਂ ਰੱਬ ਕਿੱਥੋਂ ਢੂੰਢ ਲਿਆਵਾਂ।

ਜਦ ਵੀ ਮੇਰੀ ਚਾਹਤ ਨੇ ਇੱਕ ਲੱਪ ਖੁਸ਼ੀਆਂ ਦੀ ਮੰਗੀ,
ਓਦੋਂ ਹੀ ਮਿਲਿਆ ਹੈ ਉਸ ਨੂੰ ਰੋਹੀਆਂ ਦਾ ਸਿਰਨਾਵਾਂ।

ਅੱਧੀ ਰਾਤ ਕਲੇਜੇ ਦੇ ਵਿੱਚ ਪੀੜ ਅਜੇਹੀ ਉੱਠੇ,
ਯਾਦ ਤੇਰੀ ਨੂੰ ਰੱਖ ਸਾਹਮਣੇ ਆਪਣੀ ਗੱਲ ਸੁਣਾਵਾਂ।

ਚੁੱਪ ਚੁਪੀਤੇ ਚੇਤਰ ਚੜ੍ਹਦਾ ਚੁੱਪ ਚੁਪੀਤੇ ਸਾਵਣ,
ਕਿਹੜੀ ਹੈ ਰੁੱਤ ਹਾਣ ਮੇਰੇ ਦੀ ਕੁਝ ਵੀ ਜਾਣ ਨਾ ਪਾਵਾਂ।

ਕਿੰਨੇ ਮੈਂ ਮਾਰੂਥਲ ਵੇਖੇ ਕਿੰਨੇ ਜੰਗਲ ਬੇਲੇ,
ਸਾਰੇ ਪਾਸਿਆਂ ਤੋਂ ਹੀ ਮੈਨੂੰ ਮਿਲੀਆਂ ਨੇ ਬਸ ਹਾਵਾਂ।

'ਬੇਗੋਵਾਲ' ਵੀ ਪਿੰਡ ਆਪਣੇ ਨੂੰ ਆਉਂਦਾ ਏ ਜਦ ਸ਼ਹਿਰੋਂ,
ਫਿਰਨੀ ਤੋਂ ਹੀ ਲੈਣ ਆਉਂਦੀਆਂ ਘਰ ਨੂੰ ਜਾਂਦੀਆਂ ਰਾਵ੍ਹਾਂ।

98769-44703

## ਪ੍ਰੋ. ਜਸਵੰਤ ਸਿੰਘ ਕੈਲਵੀ



ਜਦੋਂ ਵੀ ਰਾਤ ਆਉਂਦੀ ਨੇ, ਸਿਤਾਰੇ ਨਾਲ ਆਉਂਦੇ ਨੇ।
ਝਲਕ ਇਕ ਹੁਸਨ ਦੀ ਪਾ ਕੇ ਇਹ ਸਾਰੇ ਨਾਲ ਆਉਂਦੇ ਨੇ।

ਸਚਾਈ ਏ, ਹਕੀਕਤ ਏ, ਇਦ੍ਹੇ ਵਿੱਚ ਸ਼ੱਕ ਵੀ ਕੀ ਏ?
ਜਦੋਂ ਕੋਈ ਬਾਤ ਪਾਉਂਦਾ ਏ, ਹੁੰਘਾਰੇ ਨਾਲ ਆਉਂਦੇ ਨੇ।

ਤਲੀ ਤੇ ਸੀਸ ਧਰ ਕੋਈ ਜਦੋਂ ਪਰਚਮ ਉਠਾ ਨਿਕਲੇ,
ਲਿਤਾੜੇ ਲੋਕ ਗ਼ਮ ਮਾਰੇ ਵਿਚਾਰੇ ਨਾਲ ਆਉਂਦੇ ਨੇ।

ਮੁਸੀਬਤ ਹੌਂਸਲਾ ਪਰਖੇ, ਮੁਸੀਬਤ ਹਾਰ ਮੰਨ ਲੈਂਦੀ
ਖ਼ਰਾ ਵਿਸ਼ਵਾਸ਼ ਜੇ ਲਿਸ਼ਕੇ, ਸਹਾਰੇ ਨਾਲ ਆਉਂਦੇ ਨੇ।

ਬੜਾ ਮੁਸ਼ਕਲ ਹੈ ਜੀਵਨ ਵਿੱਚ ਕਿਸੇ ਇਕ ਸੇਧ ਵਿਚ ਤੁਰਨਾ,
ਹਟਾਓ ਦੋਸਤੋ ਕਿੰਨਾ, ਖਿਲਾਰੇ ਨਾਲ ਆਉਂਦੇ ਨੇ।

ਜਦੋਂ ਵੀ ਰੂਪ ਚੜ੍ਹਦਾ ਹੈ ਜੁਆਨੀ ਝੂਮਦੀ ਓਦੋਂ,
ਜਦੋਂ ਵੀ ਪੀਂਘ ਪੈਂਦੀ ਏ, ਹੁਲਾਰੇ ਨਾਲ ਆਉਂਦੇ ਨੇ।

ਇਕੱਲਾ ਬੈਠ ਯਾਦਾਂ ਦੀ ਜਦੋਂ ਵੀ ਰੀਲ੍ਹ ਵੇਖਾਂ ਮੈਂ
ਜੁਆਨੀ ਵਿੱਚ ਜੋ ਮਾਣੇ ਸੀ ਨਜ਼ਾਰੇ ਨਾਲ ਆਉਂਦੇ ਨੇ।

ਮੁਹੱਬਤ ਦੀ ਮਤਾਬੀ ਵਿੱਚ ਅਨੇਕਾਂ ਰੰਗ ਸ਼ਾਮਿਲ ਇੰਞ
ਗ਼ਜ਼ਲ ਵਿੱਚ ਕੈਲਵੀ ਜਿੱਦਾਂ ਇਸ਼ਾਰੇ ਨਾਲ ਆਉਂਦੇ ਨੇ।

118/5 **ਸ੍ਰੀ ਗੁਰੂ ਅਜਨ ਦੇਵ ਨਗਰ,**
**ਫਿਰੋਜ਼ਪੁਰ ਸ਼ਹਿਰ** 152002
ਮੋ. 9878381474



## ਬਲਵਿੰਦਰ ਪੰਨੂੰ



ਮੈਂ ਨਾ ਮਾਨਾਂ ਸ਼ਰਬ ਗ਼ਮ ਦੂਰ ਕਰਦੀ ਏ।
ਐਪਰ ਘਰ ਬਾਹਰ ਨਿਲਾਮ ਜ਼ਰੂਰ ਕਰਦੀ ਹੈ।
ਸੀਰਤ ਨਾ ਜਾਣਾ ਓਸਦੀ, ਪਰ ਸੂਰਤ ਮੈਨੂੰ,
ਦੌਣ ਘੁਮਾਂ ਕੇ ਤੱਕਣ ਲਈ ਮਜ਼ਬੂਰ ਕਰਦੀ ਹੈ।
ਠਾਰਦਾ ਹੈ ਦਿਲ ਜੁਰਮਾਨਾ ਅਕਸਰ ਓਸਦਾ,
ਅੱਖ ਬੰਦੇ ਦੀ ਜਿਹੜਾ ਕਸੂਰ ਕਰਦੀ ਹੈ।
ਪਲ ਭਰ ਲਈ ਦਰਦ ਹੁੰਦਾ ਹੈ ਡਾਂਗ ਦਾ,
ਗਲ ਲਾ ਕੇ ਕੀਤੇ ਦਿਲ ਤੇ ਨਸੂਰ ਕਰਦੀ ਹੈ।
ਨਾਰੀ ਅੱਜ ਦੀ ਆਪਣੇ ਹੱਥੀਂ ਤਿਆਰ ਕੋਈ,
ਚਾਵਾਂ ਚੁੱਲਾਂ, ਭੜੋਲੀ, ਨਾਂ ਤੰਦੂਰ ਕਰਦੀ ਹੈ।
ਬੜਾ ਆਉਖ ਹੈ ਅਰੂਜ਼ ਤੇ ਖਰੇ ਉਤਰਣਾ,
ਗ਼ਜ਼ਲ ਖੁੱਦ ਤੇ ਤਾਈਓਂ ਗਰੂਰ ਕਰਦੀ ਹੈ।
ਲਿਖ ਨਾ ਲੱਚੜਤਾ, ਸਾਰ ਨਾ ਫੁੱਕੜੀਆ ਪੰਨੂੰ,
ਸਾਹਿਤਕ ਰਚਨਾ ਹੀ ਕਵੀ ਨੂੰ ਮਸ਼ਹੂਰ ਕਰਦੀ ਹੈ।

ਮੋ. 088095-01278

## ਮਹਿੰਦਰ ਸਿੰਘ ਮਾਨ

ਜਵਾਨੀ ਵਿੱਚ ਚੜ੍ਹੇ ਜੋ ਸਾਡੀ ਖਾਤਰ ਫਾਂਸੀਆਂ ਉੱਤੇ,
ਬੜਾ ਹੀ ਮਾਣ ਹੈ ਸਾਨੂੰ ਉਨ੍ਹਾਂ ਪੰਜਾਬੀਆਂ ਉੱਤੇ।
ਲੁਆ ਕੇ ਅੱਗ, ਕਰਵਾ ਕੇ ਸੁਆਹ ਫਿਰ ਨੇਤਾ ਆ ਧਮਕਣ,
ਬੜਾ ਆਵੇ ਉਨ੍ਹਾਂ ਨੂੰ ਤਰਸ ਜਲੀਆਂ ਬਸਤੀਆਂ ਉੱਤੇ।
ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਲੋਕਾਂ ਬਾਰੇ ਉਹ ਸੋਚਣ,
ਜਿਨ੍ਹਾਂ ਦੀ ਕਿਰਪਾ ਨਾਲ ਬੈਠੇ ਨੇ ਨੇਤਾ ਕੁਰਸੀਆਂ ਉੱਤੇ।
ਜੇ ਕਰ ਉਪਚਾਰ ਮਿਲ ਜਾਵੇ ਸਮੇਂ ਸਿਰ ਲੋਕਾਂ ਨੂੰ, ਤਾਂ ਫਿਰ
ਉਨ੍ਹਾਂ ਦੇ ਬਹੁਤੇ ਪੈਸੇ ਨਾ ਲਗਣ ਬਿਮਾਰੀਆਂ ਉੱਤੇ।
ਹਰੇਕ ਖੇਤਰ 'ਚ ਹਿੰਮਤ ਕਰਕੇ ਵਧ ਰਹੀਆਂ ਨੇ ਉਹ ਅੱਗੇ,
ਕਰੀ ਜਾਵੇ ਤਸ਼ੱਦਦ ਫਿਰ ਵੀ ਬੰਦਾ ਨਾਰੀਆਂ ਉੱਤੇ।
ਹਰੇਕ ਰਿਸ਼ਤੇ ਤੇ ਭਾਰੂ ਹੋ ਗਿਆ ਹੈ ਪੈਸੇ ਦਾ ਲਾਲਚ,
ਕਿਵੇਂ ਕੋਈ ਕਰੇ ਹੁਣ ਮਾਣ ਯਾਰੋ, ਯਾਰੀਆਂ ਉੱਤੇ।

**ਪਿੰਡ ਤੇ ਡਾਕ ਰੱਕੜਾਂ ਢਾਹਾ**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**

## ਅਮਰਜੀਤ ਕੌਰ ਹਰੜ



ਦਿਲ ਨੇ ਦਿੱਤੇ ਦਰਦ ਬਥੇਰੇ
ਯਾਦਾਂ ਚੀਸਾਂ ਪੱਲੇ ਮੇਰੇ॥
ਉਲਫ਼ਤ ਵਾਲਾ ਪੈਂਡਾ ਔਖਾ,
ਦੂਰ ਮੁਹੱਬਤ ਵਾਲੇ ਡੇਰੇ॥
ਮਹਿਰਮ ਦੂਰ ਵਸੇਂਦੈ ਐਪਰ,
ਯਾਦੀਂ ਖਾਬੀਂ ਵੱਸੇ ਮੇਰੇ॥
ਯਾਦ ਮੁਹੱਬਤ ਰੱਖਾਂ ਹਰਦਮ,
ਦਿਲਬਰ ਚੇਤਾ ਸ਼ਾਮ ਸਵੇਰੇ॥
ਬੀਤੇ ਨੂੰ ਤੂੰ ਯਾਦ ਕਰੀ ਨਾਂ,
ਦੁੱਖ ਦਰਦ ਸਭ ਸੁੱਟ ਪਰੇਰੇ॥
ਝਗੜਾ ਮਿਟ ਜਾਵੇਗਾ ਆਪੇ,
ਜੇ ਤਜ ਦੇਵੇਂ ਤੇਰੇ ਮੇਰੇ॥
ਆਪਣਾ ਆਪ ਗਵਾ ਕੇ ਆਇਆ,
ਤੈਨੂੰ ਭਾਲਣ ਸ਼ਹਿਰ ’ਚ ਤੇਰੇ॥
ਖ਼ੁਸ਼ਬੂ ਆ ਖ਼ੁਸ਼ਖਬਰੀ ਦਿੱਤੀ,
ਸੱਜਣ ਪਾਇਆ ਮੇਰੇ ਵਿਹੜੇ॥
ਮਹਿਕਾਂ ਵੰਡੇ ਪੌਣ ਪੁਰੇ ਦੀ,
ਖ਼ੁਸ਼ਬੂ ਖ਼ੁਸ਼ਬੂ ਚਾਰ ਚੁਫੇਰੇ॥
ਜੀਤ ਜਗਾ ’ਚੋਂ ਮੁਖੀਆ ਦੀਵਾ,
ਚਾਨਣ ਕਰ, ਕਰ ਦੂਰ ਹਨੇਰੇ॥

**ਬਠਿੰਡਾ**
94172-35848

*ਨਜ਼ਮ*

## ਗੁਰਦਿਆਲ ਪੱਲ੍ਹਾ

ਜੀਣਾ ਹੁਣ ਤਾਂ ਸਿੱਤਮ ਦੀ ਮਾਰ ਬਣ ਗਿਆ।
ਘਰ ਘਰ ਨਹੀਂ ਰਿਹਾ ਬਜ਼ਾਰ ਬਣ ਗਿਆ।
ਅੱਗ ਜ਼ੁਲਮ ਦੀ ਭੜਕ ਰਹੀ ਹੈ ਚੁਫੇਰੇ
ਦੁੱਖਾਂ ਦਾ ਆਲਮ ਗਲੇ ਦਾ ਹਾਰ ਬਣ ਗਿਆ।
ਖਿੱਚ ਧੂਹ ਕੇ ਜ਼ਿੰਦਗੀ ਜੀ ਰਿਹਾ ਹੈ ਬੰਦਾ
ਜ਼ਿੰਦਗੀ ਲਈ ਬੰਦਾ ਕਿਉਂ ਭਾਰ ਬਣ ਗਿਆ।
ਸਹਿਮੀ ਸਹਿਮੀ ਹਵਾ ਤੇ ਉਦਾਸ ਹੈ ਅੰਬਰ
ਟਹਿਕਦਾ ਫੁੱਲ ਵੀ ਦਿਲਾਂ ਦੀ ਮਾਰ ਬਣ ਗਿਆ।?



ਨਿੱਘੀ ਝੀਲ ਹੈ ਮੇਰੇ ਅੰਦਰ ਦਾ ਖਿਲਾਅ
ਬੇਵੱਸ ਹੋ ਹੰਝੂਆਂ ਦੀ ਧਾਰ ਬਣ ਗਿਆ।
ਜਾਣ ਗਿਆ ਤੇਰੀਆਂ ਰਹਿਮਤਾਂ ਦੇ ਰੰਗ
ਹਟਕੋਰਾ ਹੀ ਹਉਕਿਆਂ ਦੀ ਡਾਰ ਬਣ ਗਿਆ।

**ਪਿੰਡ ਪੱਲ੍ਹਾ**
**ਡਾਕ ਗੱਗੜ ਭਾਣਾ**
**ਜ਼ਿਲ੍ਹਾ ਅੰਮ੍ਰਿਤਸਰ** 143205
**ਮੋ.** 9592446162

◆◆◆

## ਬਬਲਾ ਬੇਗੋਵਾਲ



ਕਰੇਗਾ ਤੇਰੇ ਨਾਲ ਸਲੂਕ ਜਦ ਕੋਈ ਤੇਰੇ ਜਿਹਾ
ਕਿਰਦਿਆਂ ਹੰਝੂਆਂ ਨੂੰ ਆਵੇਗਾ ਯਾਦ ਫਿਰ ਮੇਰੇ ਜਿਹਾ।
ਰਾਤ ਦੇ ਸੰਨਾਟੇ ’ਚ ਜਦੋਂ ਅਰਮਾਨ ਲੈਣਗੇ ਸਿਸਕੀਆਂ,
ਦਿਲ ਲੱਗੇਗਾ ਵਿਰਾਨ ਜੰਗਲ, ਕਿਸੇ ਉਜੜੇ ਡੇਰੇ ਜਿਹਾ।
ਤੈਨੂੰ ਭਰਮਾ ਲਿਆ ਰੋਸ਼ਨੀਆਂ ਨੇ ਕਿਸੀ ਮੌਜ ਖ਼ਾਤਿਰ,
ਪਰ ਸਾਥੀ ਸੱਚਾ ਨਹੀਂ ਲੱਭਣਾ ਤੈਨੂੰ ਹਨ੍ਹੇਰੇ ਜਿਹਾ।
ਦਰ ਤੇਰੇ ਖੜ੍ਹਾ ਰਿਹਾ, ਫਿਰ ਹੱਥ ਵਿੱਚ ਕਾਸਾ ਫੜੀ,
ਕੀ ਕੋਈ ਮਿਲੇਗਾ ਤੈਨੂੰ ਕੋਈ ਬੇਸ਼ਰਮ ਮੇਰੇ ਜਿਹਾ।
ਹੈ ਜੋ ਵੀ ਗਿਲਾ ਸ਼ਿਕਵਾ ਅੱਜ ਹਿਸਾਬ ਕਰਲੈ ਬਬਲੇ।
ਸਾਡਾ ਆਉਣਾ ਮਾਤ ਲੋਕ ’ਚ ਜੋਗੀਆਂ ਦੇ ਫੇਰੇ ਜਿਹਾ।

◆◆◆

## ਡਾ. ਕਰਮਜੀਤ ਸਿੰਘ ਨਡਾਲਾ ਦਾ ਸਨਮਾਨ
## ਬਠਿੰਡਾ ਵਿਖੇ ਕਹਾਣੀਕਾਰ



ਡਾ. ਕਰਮਜੀਤ ਸਿੰਘ ਨਡਾਲਾ ਦਾ ਕਰਨਲ ਨਰੈਣ ਸਿੰਘ ਭੱਠਲ ਯਾਦਗਾਰੀ ਐਵਾਰਡ ਨਾਲ ਸਨਮਾਨ ਕਰਦਿਆਂ ਐਮ.ਐਲ.ਏ. ਸੰਤ ਬਲਬੀਰ ਸਿੰਘ ਘੁੰਨਸ, ਕੰਵਲਜੀਤ ਭੱਠਲ (ਸੰਪਾਦਕ ‘ਕਲਾਕਾਰ’ ਬਰਨਾਲਾ), ਡਾ. ਜੁਗਿੰਦਰ ਸਿੰਘ ਨਿਰਾਲਾ (ਕਹਾਣੀਕਾਰ ਤੇ ਆਲੋਚਕ) ਗੁਰਪ੍ਰੀਤ ਸਿੰਘ ਮਲੂਕਾ (ਪ੍ਰਧਾਨ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ), ਸੁਰਿੰਦਰ ਪ੍ਰੀਤ ਘਣੀਆ, ਕਹਾਣੀਕਾਰ ਪਰਮਜੀਤ ਮਾਨ, ਆਲੋਚਕ ਡਾ. ਗੁਰਬਿੰਦਰ ਕੌਰ ਬਰਾੜ (ਮੁਕਤਸਰ) ਤੇ ਹੋਰ।

# ਪੁਸਤਕ ਸਮੀਖਿਆ

## 'ਕੁਰਸੀਆਂ ਤੇ ਆਮ-ਆਦਮੀ' — ਇੱਕ ਨਜ਼ਰ

'ਕੁਰਸੀਆਂ ਤੇ ਆਮ ਆਦਮੀ' ਡੇਢ ਦਰਜਨ ਤੋਂ ਉੱਪਰ ਪੁਸਤਕਾਂ ਦੇ ਸਰਬਾਂਗੀ ਤੇ ਸਮਰੱਥ ਕਲਮਕਾਰ **ਸੁਖਮਿੰਦਰ ਸਿੰਘ ਸੇਖੋਂ** ਦਾ ਛੇਵਾਂ ਤੇ ਸੱਜਰਾ ਕਹਾਣੀ ਸੰਗ੍ਰਹਿ ਹੈ। ਜਿਸ ਵਿੱਚ ਵੰਨ ਸੁਵੰਨੀਆਂ ਤੇਰਾਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਸੇਖੋਂ ਦੀਆਂ ਇਨ੍ਹਾਂ ਕਹਾਣੀਆਂ ਸਬੰਧੀ ਚਰਚਾ ਕਰਨ ਤੋਂ ਪਹਿਲਾਂ ਅਜੋਕੀ ਕਹਾਣੀ ਦੀ ਦਿਸ਼ਾ ਤੇ ਦਸ਼ਾ ਨਿਰਧਾਰਤ ਕਰਨ ਲਈ ਕਹਾਣੀ ਦੇ ਮੂਲ ਬਾਰੇ ਗੱਲ ਕਰਨੀ ਬਣਦੀ ਹੈ। ਕਹਾਣੀ ਤੋਂ ਪਹਿਲਾਂ ਸਾਡੇ ਕੋਲ ਜੋ ਵਿਚਾਰਾਂ ਦੇ ਸੰਚਾਰ ਕਰਨ ਦਾ ਮਾਧਿਅਮ ਵਾਰਤਕ ਸੀ, ਉਸ ਨੂੰ ਕਥਾ, ਦੰਦਕਥਾ, ਆਪਬੀਤੀ, ਜੱਗ ਬੀਤੀ ਦੇ ਰੂਪ ਵਿੱਚ ਸੀਨਾ–ਵਾ–ਸੀਨਾ ਸਫ਼ਰ ਕਰਦੀ ਰਹੀ, ਫਿਰ ਇਹ ਵਿਧਾ ਸਾਡੇ ਕੋਲ ਸਾਖੀਆਂ ਦੇ ਰੂਪ ਵਿੱਚ ਪਹੁੰਚੀ।

'ਕੁਰਸੀਆਂ ਤੇ ਆਮ ਆਦਮੀ' ਕਹਾਣੀ ਸੰਗ੍ਰਹਿ ਦਾ ਸਹਿਜ ਪਾਠ ਕਰਨ ਤੋਂ ਬਾਅਦ ਜੋ ਸਮਝ ਬਣਦੀ ਹੈ ਉਹ ਸਬੰਧੀ ਇਹ ਕਹਿਣਾ ਉਚਿਤ ਹੈ ਕਿ ਜਿਵੇਂ ਕਹਾਣੀ ਦੇ ਵਰਗੀਕਰਣ ਤਹਿਤ ਕਹਿ ਦਿੰਦੇ ਹਾਂ ਕਿ ਕਹਾਣੀ ਪੇਂਡੂ ਵਰਗ ਦੀ ਨੁਮਾਇੰਦਗੀ ਕਰਦੀ ਹੈ ਜਾਂ ਸ਼ਹਿਰੀ ਵਰਗ ਦੀ ਜਾਂ ਸਨਅਤੀ ਵਰਗ ਦੀ। ਇਹ ਕਹਾਣੀ ਸੰਗ੍ਰਹਿ ਦੀ ਇੱਕਾ ਦੁੱਕਾ ਕਹਾਣੀਆਂ ਨੂੰ ਛੱਡ ਕੇ ਸਾਰੀਆਂ ਹੀ ਕਹਾਣੀਆਂ ਦਫ਼ਤਰੀ ਕਲਚਰ ਦੀਆਂ ਹਨ। ਹਰ ਕਹਾਣੀ ਦੀ ਤੰਦ ਕਿਧਰੇ ਨਾ ਕਿਧਰੇ ਦਫ਼ਤਰੀ ਕਰਮਚਾਰੀਆਂ ਬੌਸ,ਰਿਸ਼ਵਤ, ਚਾਪਲੂਸੀ, ਭੌਂਡੀ ਸਿਆਸਤ ਨਾਲ ਜਾ ਜੁੜਦੀ ਹੈ। ਉਹ ਵਰਤਾਰਾ ਅਚਾਨਕ ਨਹੀਂ ਵਾਪਰਿਆ ਸਗੋਂ ਇਕ ਵਿਚਾਰ ਤਹਿਤ ਕਹਾਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਦੀ ਲੋੜ ਵੀ ਸੀ।

ਹਰ ਕਹਾਣੀ ਛੋਟੇ–ਛੋਟੇ ਵਾਕਾਂ ਨਾਲ ਸੰਵਾਦ ਰਚਾਉਂਦੀ ਆਪਣੇ ਪਾਠਕ ਦੀ ਉਂਗਲ ਫੜਕੇ ਨਾਲ ਤੋਰਨ ਦੀ ਸਮਰੱਥਾ ਰੱਖਦੀ ਹੈ, ਕਿਉਂਕਿ ਸੇਖੋਂ ਹਰ ਕਹਾਣੀ ਵਿੱਚ ਨਾਇਕ ਖਲਨਾਇਕ ਦੇ ਦਵੰਧਾਂ ਨੂੰ ਸਿਖਰ ਉੱਤੇ ਪਹੁੰਚਾਕੇ ਹੀ ਦਮ ਲੈਂਦਾ ਹੈ।

"ਹਾਅ ਦਾ ਨਾਹਰਾ" ਕਹਾਣੀ ਵਿਚਲਾ ਨਿਮਨ ਵਰਗੀ ਕਿਸਾਨ ਦਾ ਪੁੱਤ ਜਗਜੀਤ ਪਿੰਡੋਂ ਸ਼ਹਿਰ ਜਾ ਕੇ ਉੱਚ ਵਿੱਦਿਆ ਪ੍ਰਾਪਤ ਕਰਕੇ, ਜਿੱਥੇ ਲੋਕ ਨਿਰਮਾਣ ਵਿਭਾਗ ਦਾ ਕਾਰਜ ਕਾਰਨੀ ਅਫ਼ਸਰ ਬਣਦਾ ਹੈ, ਉੱਥੇ ਯੂਨੀਵਰਸਿਟੀ ਦੀ ਪ੍ਰੋਫੈਸਰ ਸਤਵੰਤ ਕੌਰ ਨਾਲ ਅੰਤਰਜਾਤੀ ਵਿਆਹ ਕਰਵਾਉਂਦਾ ਹੈ। ਉਪਰਲੀ ਕਮਾਈ ਨਾਲ ਕੋਠੀ, ਪਲਾਟ, ਦੁਕਾਨਾਂ, ਬੈਂਕ ਬੈਲੇਂਸ ਯਾਨੀਕੇ ਹਰ ਸੁੱਖ ਸਹੂਲਤ ਉੱਤੇ ਕਾਬਜ਼ ਹੈ। ਪਰ, ਪਿੱਛੇ ਰਹਿ ਗਏ ਉਸ ਦੇ ਬਾਪ 'ਤੇ ਦੋ ਭਰਾ ਘੱਟ ਰਹੀ ਕਿਰਸਾਣੀ ਦਾ ਸੰਤਾਪ ਭੋਗਦੇ ਨੇ ਜਿੰਨਾਂ ਦੀਆਂ ਲੋੜਾਂ ਉਨ੍ਹਾਂ ਦੀ ਕਮਾਈ ਨਾਲ ਪੂਰੀਆਂ ਨਹੀਂ ਹੁੰਦੀਆਂ। ਪ੍ਰੰਤੂ ਕਰੱਪਟ ਜਗਜੀਤ ਆਪਣੇ ਬਾਪ ਤੋਂ ਆਪਣਾ ਜੱਦੀ ਪੁਸ਼ਤੀ ਹਿੱਸਾ ਹਿੱਕ ਦੇ ਜ਼ੋਰ ਨਾਲ ਲੈਣਾ ਚਾਹੁੰਦਾ। ਜਦੋਂ ਕਿ ਸਤਵੰਤ ਗੈਰ ਜੱਟ ਹੁੰਦੀ ਹੋਈ ਵੀ ਪਿੰਡ ਰਹਿੰਦੇ ਜਗਜੀਤ ਦੇ ਭਰਾਵਾਂ ਤੋਂ ਜ਼ਮੀਨ ਘਰ 'ਚੋਂ ਹਿੱਸਾ ਨਾ ਲੈਣ ਦੈ ਐਲਾਨ ਕਰਕੇ ਉਨ੍ਹਾਂ ਦੀ ਗਰੀਬੀ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਦੀ ਹੈ।



'ਅੰਦਰਲਾ ਆਦਮੀ' ਕਹਾਣੀ ਦਾ ਗੁਲਜ਼ਾਰ "ਮੈਂ ਚਿੱਤ ਵਿੱਚ ਕਿਹਾ ਦਾ ਮੁਰੀਦ ਨਹੀਂ ਮਰੀਜ਼ ਹੈ ਜੋ ਆਪਣੇ ਬੁਣੇ ਜਾਲ ਵਿੱਚ ਵੱਡਾ ਆਦਮੀ ਹੋਣ ਦਾ ਸ਼ਿਕਾਰ ਹੋ ਕੇ" ਆਪੇ ਫਾਥੜੀਏ ਕੌਣ ਛਡਾਵੇ ਤੈਨੂੰ' ਦੇ ਹਾਲ ਦੀ ਜ਼ਿੰਦਗੀ ਜਿਉਂਦਾ ਹੈ। ਇਹ ਤਿੜਕੀ ਮਾਨਸਿਕਤਾ ਦਾ ਹਸ਼ਰ ਐ ਤੇ ਨਵੀਂ ਪੀੜ੍ਹੀ ਦਾ ਝੋਰਾ ਵੀ ਐ, ਜਦੋਂ ਬੇਜ਼ਮੀਨਾ ਆਪਣੇ ਆਪ ਨੂੰ ਪੰਜ ਸੌ ਵਿਘੇ ਦਾ ਮਾਲਕ ਦੱਸੇਗਾ ਫਿਰ ਇਹੋ ਹੀ ਹਾਲ ਹੋਵੇਗਾ।

"ਨਿਪੁੰਸਕ" ਕਹਾਣੀ ਦਾ ਸੁਖਰਾਜ ਨਿਘਰ ਰਹੀ ਕਿਰਸਾਣੀ ਦੀ ਕਹਾਣੀ ਨੂੰ ਰੂਪਮਾਨ ਕਰਦਾ ਹੈ। ਇਸ ਕਹਾਣੀ ਵਿੱਚ ਘਾਰੂ ਮਜ਼ਦੂਰ ਉਸ ਦੇ ਬਰਾਬਰ ਆ ਕੇ ਖੜ੍ਹਦਾ ਹੈ। ਗਰੀਬੀ ਸੌ ਅਲਾਮਤਾਂ ਨੂੰ ਜਨਮ ਦਿੰਦੀ ਹੈ। ਇਹੋ ਅਲਾਮਤਾਂ ਅੱਗੇ ਜਾ ਕੇ ਸੁਖਰਾਜ ਵਰਗਿਆਂ ਨੂੰ ਨਿਪੁੰਸਕ ਬਣਾਉਣਲਈ ਰਾਹ ਪੱਧਰਾ ਕਰਦੀਆਂਹਨ ਤੇ ਮਜ਼ਬੂਰੀ ਵੱਸ ਇਹ ਵਰਤਾਰਾ ਵਰਤਦਾ ਹੈ।

"ਗਿੱਠਮੁਠੀਏ", ਕਹਾਣੀ ਪੰਜਾਬ ਵਿੱਚ ਕਾਲੇ ਦਿਨਾਂ ਨਾਲ ਬੀਤੇ ਜਾਂਦੇ ਸਮੇਂ ਦਾ ਦ੍ਰਿਸ਼ ਅਤੇ ਦਫ਼ਤਰੀ ਬਾਬੂਆਂ ਦੇ ਚਰਿੱਤਰ ਦੀ ਤਰਜਮਾਨੀ ਕਰਦੀ ਹੈ। ਸਮਸ਼ੇਰ ਵਰਗੇ ਦੂਹਰੇ ਤੀਹਰੇ ਚਰਿੱਤਰ ਦਾ ਖਾਸ ਪੇਸ਼ ਹੈ। ਕਿਸੇ ਦੇ ਲੱਗੀ ਬਸੰਤਰ, ਆਪਣੇ ਲੱਗੀ ਅੱਗ ਬੰਦੇ ਨੂੰ ਬੌਣਾ ਬਣਾ ਦਿੰਦੀ ਹੈ, ਪਾਪਾਂ ਬਾਜ ਨਾ ਕੱਠੀ ਹੋਵੇ ਮੋਇਆ ਸੰਗ ਨਾ ਜਾਏ। ਬਲਵੀਰ ਕੌਰ ਦਾ ਸਮਸ਼ੇਰ ਨੂੰ ਮਿਲਣਾ ਵੀ "ਇਸ ਹਮਾਮ 'ਚ ਸਭ ਨੰਗੇ' ਵਾਲਾ ਵਰਤਾਰਾ ਹੀ ਹੈ। ਪਰ ' ਇਸ ਸਭ ਕੁਝ ਉੱਤੇ ਪਰਦਾ ਦਾਰੀ ਕਰਨ ਲਈ ਧਰਮ ਦੀ ਚਾਦਰ ਓਢਣੀ ਕਿੱਥੋਂ ਤੱਕ ਜਾਇਜ਼ ਹੈ, ਇਹ ਸਵਾਲ ਵਿਚਾਰਨ ਵਾਲਾ ਹੈ।

"ਆਮ ਆਦਮੀ" ਦੀ ਕਹਾਣੀ ਕਹਿੰਦੀ ਹੈ ਕਿ ਹਰ ਆਮ ਆਦਮੀ ਦੇ ਅੰਦਰ ਇੱਕ ਹੋਰ ਮਨੁੱਖ ਵੱਸਦਾ ਹੈ, ਜੋ ਬਾਹਰੀ ਮਨੁੱਖ ਨਾਲੋਂ ਹਮੇਸ਼ਾ ਹੀ ਭਿੰਨ ਹੁੰਦੈ, ਬਾਹਰੀ ਮਨੁੱਖ ਢੌਂਗੀ ਹੋ ਸਕਦੈ ਨਕਾਬਪੋਸ਼ ਹੋ ਸਕਦੈ, ਇਸ ਤੋਂ ਵੀ ਅੱਗੇ ਹੋਰ ਪਤਾ ਨੀਂ ਕੀ ਕੀ ਹੋ ਸਕਦੈ, ਪਰ। ਅੰਦਰਲੇ ਮਨੁੱਖ ਦੀ ਫ਼ਿਤਰਤ ਇਹ ਹੈ ਕਿ ਉਹ ਕਿਸੇ ਸਮੇਂ ਡਰਦੈ, ਕਦੇ ਡਰਾਉਂਦੈ, ਕਦੇ ਸਮੂਹ ਵੀ ਹੁੰਦੈ ਕਦੇ ਇਕਲਾਪਾ ਵੀ ਹੁੰਢਾਉਂਦੈ, ਇਹੋ ਅਦੰਰਲੇ ਮਨੁੱਖ ਦੀਆਂ ਪਰਤਾਂ ਨੇ। ਵਿਦਰੋਹ, ਧਰੋਹ, ਨੀਚਤਾ, ਅਣਖ ਇਹ ਸਭ ਉਸ ਅੰਦਰਲੇ ਮਨੁੱਖ ਦੇ ਸਦੀਵੀ ਗੁਣ ਨੇ ਜੋ ਸਮੇਂ ਸਿਰ ਪ੍ਰਗਟ ਹੁੰਦੇ ਰਹਿੰਦੇ ਹਨ ਤੇ ਹੋਣੇ ਵੀ ਚਾਹੀਦੇ ਨੇ, ਗਤੀਸ਼ੀਲਤਾ ਦਾ ਮੁਜੱਸਮਾ ਹੈ ਬਾਬੂ ਪ੍ਰਕਾਸ਼ ਚੰਦਰ ਜੋ ਆਪਣੀ ਜਾਨ ਉਤੇ ਖੇਡ ਕੇ ਬਿੱਲੋ ਵਰਗੇ ਬਦਮਾਸ਼ ਦੇ ਸਿਰ ਖੇਹ ਪਾਉਣ ਲਈ ਤਿਆਰ ਹੋ ਜਾਂਦਾ ਹੈ।

"ਆਮ ਆਦਮੀ" ਦਾ ਸ਼ੰਕਰ ਕਾਰਖਾਨੇ ਵਿੱਚ ਮਜ਼ਦੂਰ ਹੈ ਓਹੀ ਲੋੜਾਂ ਥੁੜਾਂ ਤੰਗੀ ਤੁਰਸ਼ੀ ਬੁੱਢੀ ਮਾਂ ਬਿਮਾਰ ਪੰਜ ਜੀਆਂ ਦਾ ਪਰਿਵਾਰ, ਗਰੀਬੀ ਮਹਿੰਗਾਈ। ਕਾਰਖਾਨੇ ਦਾ ਮਾਲਕ ਅਮੀਰੀ ਅਯਾਸ਼ੀ ਰਖੇਲ ਹਰ ਪੁੱਠ ਸਿੱਧਾ ਕੰਮ। ਸ਼ੰਕਰ ਦੀ ਜ਼ਿੰਦਗੀ ਵਿੱਚ ਅਸਾਵਾਂਪਣ। ਆਪਣੀ ਮੁਕਤੀ ਲਈ ਆਪਣੇ ਹੀ ਮਾਲਕ ਕਾਰਖਾਨੇਦਾਰਾਂ ਦਾ ਕਤਲ ਕਰਕੇ ਆਪਣੀ ਨਿੱਜੀ ਜ਼ਿੰਦਗੀ ਵਿੱਚ ਸਕੂਲ ਭਰਨ ਦੇ ਸੁਪਨੇ (ਸਿਰਫ਼ ਸੋਚਣਾ ਹੀ ਸੋਚਣਾ) ਲੈਣੇ। ਫਿਰ ਓਹੀ ਸਮਝੌਤਾਵਾਦ, ਕਿ ਕਿਸੇ ਦੇ ਨਿੱਜੀ ਕਤਲ ਕਰਨ ਨਾਲ ਹੀ ਸਾਡੀ ਸਾਰੀ ਜਮਾਤ ਨੂੰ ਮੁਕਤੀ ਮਿਲਜੂ? ਦੂਸਰੇ ਪਾਸੇ ਜੇਲ੍ਹ, ਸਜ਼ਾ ਫਾਂਸੀ ਦਾ ਮਨ ਉੱਤੇ ਡਰ। ਇਨ੍ਹਾਂ ਵਿਚਾਰਾਂ ਦੇ ਵਿਚਕਾਰ ਹੀ ਸ਼ੰਕਰ ਤ੍ਰਿਸ਼ੰਕੂ ਵਾਂਗ ਭਟਕ ਜਾਂਦਾ ਹੈ।

"ਧਰਮ ਸੰਕਟ" ਕਹਾਣੀ ਵਿੱਚ ਬਲਵੀਰ ਨੂੰ ਉਸ ਦਾ ਨਵਾਂ ਆਇਆ ਬੌਸ "ਗੁਰੂ ਵਾਲਾ' ਬਨਣ ਲਈ ਦਬਾਅ ਪਾਉਂਦਾ ਹੈ। ਜਦੋਂ ਕਿ ਬੌਸ ਬਾਰੇ ਬਲਵੀਰ ਨੂੰ ਪਤੈ ਕਿਵੇਂ ਸੌ ਚੂਹਾ ਖਾਣ ਵਾਲੀ ਉੱਕਤੀ ਤੇ ਬੌਸ ਪੂਰਾ ਖਾਰਾ ਉੱਤਰਦਾ ਹੈ।ਬਲਵੀਰ ਰਿਟਾਇਰ ਫੌਜੀ ਤੇ ਹੁਣ ਦਫ਼ਤਰੀ ਸੇਵਾਦਾਰ ਹੈ, ਉਸ ਦੀ ਅੱਖ ਪੂਰੇ ਦਫ਼ਤਰ ਦੇ ਅਮਲੇ ਦੀ 'ਦਾਨਸਵਰੀ" ਨੂੰ ਜਾਣਦੀ ਹੈ, ਇਸੇ ਕਾਰਣ ਉਹ ਧਰਮ ਦੇ ਅਡੰਬਰੀ ਜਾਲ ਤੋਂ ਦੂਰ ਰਹਿਣਾ ਹੀ ਉਚਿਤ ਸਮਝਦਾ ਹੈ। ਧਰਮ ਦੀ ਮਾਨਸਿਕ ਗੁਲਾਮੀ ਕਬੂਲਣ ਨਾਲੋਂ ਆਪਣੇ ਦਫ਼ਤਰ ਦੀ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਨੂੰ ਹੀ ਆਪਣਾ ਧਰਮ ਸਮਝਦਾ ਹੈ।

'ਝੁੱਗੀਆਂ ਵਾਲੇ" ਕਹਾਣੀ ਵਿੱਚ ਲੇਖਕ ਤਿੰਨਾਂ ਦੋਸਤਾਂ ਤੋਂ ਇਕਰਾਰਨਾਮਾ ਮੰਗਦਾ ਹੈ ਕਿ ਉਹ ਮਰਨ ਵਾਲਿਆਂ ਬਾਰੇ ਚੰਗੀ ਜਾਣਕਾਰੀ ਰੱਖਦਾ ਹੈ ਕਿ ਉਨ੍ਹਾਂ ਦੀ ਗਿਣਤੀ ਕਿਤਨੀ ਹੈ, ਗਿਆਰਾਂ ਤੇਰਾਂ ਜਾਂ ਤੇਈ, ਪਰ! ਅਸਲ ਗੱਲ ਤਾਂ ਮੌਤਾਂ ਦੇ ਕਾਰਣਾਂ ਦੇ ਬਾਬਤ ਜਾਨਣ ਦੀ ਹੈ। ਲੇਖਕ ਉਨ੍ਹਾਂ ਮੌਤਾਂ ਬਾਰੇ ਕਹਾਣੀ ਵੀ ਲਿਖ ਸਕਦਾ ਹੈ। ਜੇਕਰ ਤੁਸੀਂ ਠੇਕੇਦਾਰ, ਪੁਲਿਸ, ਡਾਕਟਰ ਤੇ ਨੇਤਾ ਬਾਰੇ ਕੁਝ ਨਹੀਂ ਪੁੱਛੋਗੇ ਜਿਨ੍ਹਾਂ ਦੀ ਛਤਰ ਛਾਇਆ ਹੇਠ ਨਸ਼ਿਆਂ ਦਾ ਵਪਾਰ ਹੁੰਦੈ। ਇਹ ਘਟਨਾਕ੍ਰਮ ਕਿਸੇ ਇੱਕ ਸ਼ਹਿਰ ਦਾ ਨਹੀਂ ਪੂਰੇ ਪੰਜਾਬ ਵਿੱਚ ਵਹਿੰਦੇ ਨਸ਼ਿਆਂ ਦੇ ਛੇਵੇਂ ਦਰਿਆ ਦਾ ਹੈ, ਜਿਸ ਨੂੰ ਇਕ ਵਿਸੇਸ਼ ਸਿਸਟਮ ਦੀ ਸਰਪ੍ਰਸਤੀ ਪ੍ਰਾਪਤ ਹੈ।

"ਕੁਰਸੀਆਂ" ਕਹਾਣੀ ਦਾ ਜੇ.ਡੀ.ਏ. ਦਾ ਮਾਤਹਿਤ ਸਰੂਪ ਚੰਦ ਧੀ ਦੇ ਵਿਆਹ ਉੱਤੇ ਫੀਲਡ ਅਫ਼ਸਰ ਵੱਲੋਂ ਹੈ। ਰੁਪਏ ਦਾ ਸ਼ਗਨ ਭੇਜਣਾ ਕਿੱਲ ਵਾਂਗੂੰ ਚੁੱਭਦਾ ਹੈ, "ਮੇਰੇ ਹੁੰਦੇ ਫੀਲਡ ਅਫ਼ਸਰ ਦੀ ਘਰਵਾਲੀ ਦੀ ਪੈਨਸ਼ਨ ਤਾਂ ਕੀ ਲੱਗਣੀ ਐ ਇਸ ਦੇ ਪੜ੍ਹੇ ਲਿਖੇ ਪੁੱਤ ਨੂੰ ਇਸ ਦਫ਼ਤਰ ਵਿੱਚ ਨੌਕਰੀ ਵੀ ਨਹੀਂ ਮਿਲਣ ਦੇਣੀ" ਇਹ ਸਰੂਪ ਚੰਦ ਦਾ ਕਿਰਦਾਰ ਐ। ਜੋ ਅੱਜ ਹਰ ਮਹਿਕਮੇ ਦੇ ਹਰ ਛੋਟੇ ਵੱਡੇ ਦਫ਼ਤਰ ਵਿੱਚ ਮੌਜੂਦ ਹੈ, ਜਿਸ ਦੇ ਸਿਰ ਵਿੱਚ ਕੁਰੱਪਸ਼ਨ ਦਾ ਗੰਦਾ ਫੋੜਾ ਨਿਕਲਿਆ ਹੋਇਆ ਹੈ। ਉਸ ਗੰਦੇ ਫੋੜੇ ਦਾ ਇਲਾਜ ਸਿਰਫ਼ ਤੇ ਸਿਰਫ਼ ਜ਼ਮਾਦਾਰ ਦਾ ਹਥਿਆਰ ਜਿਸ ਨਾਲ ਗੰਦ ਸਾਫ਼ ਕਰੀਦੈ, ਝਾੜੂ ਹੀ ਹੈ, ਇਹ ਝਾੜੂ ਹੀ ਦਫ਼ਤਰੀ ਬਾਬੂਆਂ ਦੇ ਗੰਦ ਨੂੰ ਸਾਫ਼ ਕਰ ਸਕਦੈ, ਤੇ ਗੁਰਮੇਲ ਵਰਗੇ ਸਦਾਚਾਰੀ ਕਰਮਚਾਰੀ ਦਫ਼ਤਰਾਂ ਦੀ ਸਾਨ ਬਣ ਸਕਦੇ ਹਨ।

"ਕੁਰਸੀਆਂ ਤੇ ਆਮ ਆਦਮੀ" ਸਰਵਰਕ ਕਹਾਣੀ ਹੈ ਜਿਸ ਵਿੱਚ ਲੇਖਕ ਖ਼ੁਦ ਨਾਇਕ ਹੈ, ਕਲਮਕਾਰ ਹੈ, ਕਾਮਾ ਹੈ, ਉਨ੍ਹਾਂ ਲੋਕਾਂ ਦਾ ਸਾਥੀ ਹੈ, ਜੋ ਉਸ ਦੀ ਜ਼ਿੰਦਗੀ ਦਾ ਹਿੱਸਾ ਹਨ, ਹਾਸਲ ਹਨ, ਉਨ੍ਹਾਂ ਵਿੱਚ ਮੋਚੀ ਧੋਬੀ, ਦਰਜੀ ਕਲਰਕ, ਅਧਿਅਪਾਕ, ਰਾਜ, ਕਾਰੀਗਰ, ਮਜ਼ਦੂਰ ਸ਼ਾਮਿਲ ਹਨ, ਉਨ੍ਹਾਂ ਸਾਰਿਆਂ ਦਾ ਰਸਤਾ ਰੋਕਣ ਲਈ ਚਿੱਟੀ ਵਿਸ਼ਾਲ ਕੋਠੀ ਦੀ ਟਾਸਕ ਫੋਰਸ ਮੌਜੂਦ ਹੈ, ਜਿਸ ਦਾ ਕਹਿਣਾ ਹੈ ਕਿ ਜੋ ਸਿਸਟਮ ਚੱਲ ਰਿਹਾ ਹੈ। ਉਸ ਵਿੱਚ "ਸਭ ਅੱਛਾ" ਹੈ। ਤੁਸੀਂ ਇਸ ਸਿਸਟਮ ਦੇ ਸ਼ਤਰੂ ਬਣੋ, ਤੇ ਮਨ ਇੱਛਤ ਫਲ ਪਾਵੋ ਨਹੀਂ ਫਿਰ....? ਇਸੇ ਵਿੱਚ ਹੀ ਕਹਾਣੀਕਾਰ ਕਾਹਣੀ ਸਿਰਜਣ ਦੀ ਕਾਮਨਾ ਕਰਦਾ ਹੈ, ਜੋ ਕਹਾਣੀ ਉਸ ਦੇ ਆਪਣੇ ਲੋਕਾਂ ਦੀ ਹੋਵੇਗੀ।

"ਆਦਮੀ ਦੀ ਜਾਤ" ਕਹਾਣੀ ਦਾ ਹਰਪਾਲ ਨੰਬਰ ਵਨ ਅਫ਼ਸਰ ਹੈ ਤੇ ਅੰਗਰੇਜ਼ ਸਿੰਘ ਇੰਸਪੈਕਟਰ ਉਸ ਦਾ ਮਾਤਹਿਤ ਹੈ, ਹਰਪਾਲ ਦੀ ਧਰਮਪਾਲ ਕੌਰ ਪ੍ਰੋਫੈਸਰ ਪਤਨੀ ਤੇ ਸੱਤਵੀਂ



ਜਮਾਤ ਵਿੱਚ ਪੜ੍ਹਦੀ ਬੇਟੀ ਰਿਦਮ ਹੈ। ਹਰਪਾਲ ਆਪਣੀ ਮਿਹਨਤ ਸਦਕਾ ਨੰਬਰ ਵਨ ਅਫ਼ਸਰ ਦੀ ਕੁਰਸੀ ਤੱਕ ਪੁਹੰਚਿਆ ਹੈ, ਸ਼ਹਿਰ ਵਿੱਚ ਕੋਠੀ, ਪਲਾਟ, ਸ਼ੈਲਰਾਂ 'ਚ ਮਾਲਕੀ, ਇਹ ਸਭ ਉਸ ਦੀ ਉਪਰਲੀ ਕਮਾਈ ਦਾ ਪ੍ਰਤਾਪ ਹੈ। ਮਹਿਕਮੇ ਵਿੱਚ, ਸ਼ਹਿਰ ਵਿੱਚ ਉਸ ਨੂੰ ਸਲਾਮਾਂ ਹੁੰਦੀਆਂ ਨੇ ਪਰ। ਉਸ ਦੇ ਅਚੇਤ ਮਨ ਵਿੱਚੋਂ ਉਸ ਦੇ ਪਿਛੋਕੜ ਦਾ ਭੂਤ ਨਹੀਂ ਨਿਕਲਦਾ। ਬੇਸ਼ੱਕ ਉਸ ਨੇ ਅੰਤਰਜਾਤੀ ਵਿਆਹ ਜੱਟਾਂ ਦੀ ਕੁੜੀ ਨਾਲ ਕਰਵਾਇਆ ਹੈ। ਫਿਰ ਵੀ ਉਹ ਆਪਣੇ ਬਾਪ ਦੀ, ਸਰਦਾਰ ਨੱਥਾ ਸਿੰਘ ਦੇ ਹੱਥੋਂ ਹੋਈ ਛਤਰੌਲ' ਦਾ ਬਦਲਾ ਇਕ ਮਾੜਚੂ ਜਿਹੇ ਰਿਕਸ਼ਾ ਚਾਲਕ ਨੂੰ ਕੁੱਟ ਕੇ ਪੂਰੀ ਕਰਨ ਦਾ ਢੰਗ ਅਪਣਾਉਂਦਾ ਹੈ। ਜਦੋਂ ਕਿ ਜਗੀਰੂ ਕਦਰਾਂ ਕਮੀਤਾਂ ਦਾ ਮਾਲਕ ਨੱਥਾ ਸਿਊ ਆਪਣਾ ਜੱਦੀ ਪੁਸ਼ਤੀ ਹੱਕ ਸਮਝਦਾ ਹੈ ਕਿ ਇਹ ਕੰਮੀ ਕਮੀਣ ਤਾਂ ਸਾਡੇ ਘੜੇ ਦੀ ਮੱਛੀ ਹਨ, ਇਨ੍ਹਾਂ ਨੂੰ ਭੋਗਣਾ ਸਾਡਾ ਜਨਮ ਸਿੱਧ ਅਧਿਕਾਰ ਹੈ, ਫਿਰ ਇਹ ਆਨਾ ਕਾਨੀ ਕਰਨ ਵਾਲਾ ਕੌਣ ਹੁੰਦੈ।

ਹਰਪਾਲ ਦੀ ਪਤਨੀ ਦੀ ਇਹ ਇੱਛਾ ਪ੍ਰਧਾਨ ਰਹਿੰਦਿਆਂ ਕਿ ਇੱਕ ਤਾਂ ਉਹ ਸ਼ਰਾਬ ਛੱਡੇ ਤੇ ਘਰ ਵਿੱਚ ਰਿਸ਼ਵਤ ਦਾ ਪੈਸਾ ਲੈ ਕੇ ਆਉਣਾ ਬੰਦ ਕਰੇ, ਦੂਸਰਾ ਆਪਣੀ ਇਕਲੌਤੀ ਔਲਾਦ ਰਿਦਮ ਨੂੰ ਹੁਣ ਤੋਂ ਹੀ ਵਿਆਹ ਦੇ ਜਾਤੀ ਪਾਤੀ ਪ੍ਰਬੰਧ 'ਚ ਬੰਨਣ ਬਾਰੇ ਨਾ ਸੋਚੇ, ਇਸ ਵਿੱਚ ਹੀ ਭਲਾ ਹੈ। ਪਰ ਹਰਪਾਲ ਦੇ ਮਨ ਅੰਦਰ ਦਾ ਸੰਸਾਰ ਅੱਜ ਵੀ ਉੱਥੇ ਹੀ ਖੜ੍ਹਾ ਹੈ, ਜਿੱਥੋਂ ਉਹ ਤੁਰਿਆ ਸੀ, ਹੁਣ ਵੀ ਜਾਤੀ ਹੀਣ ਭਾਵਨਾ ਦੀ ਔਧ ਹੰਢਾਉਂਦਾ ਹੈ ਉਸ ਦਾ ਅੰਦਰਲਾ ਮਨ।

"ਆਦਮੀ ਗੁੰਮਸ਼ੁਦਾ" ਕਹਾਣੀ ਦੇ ਪਾਤਰ ਬਲਕਾਰ, ਬਿਸ਼ਨ ਤੇ ਬਸ਼ੀਰ ਉੱਚ ਵਿੱਦਿਆ ਪ੍ਰਾਪਤ ਕਰਕੇ ਵੀ ਨੌਕਰੀ ਨਾ ਮਿਲਣ ਕਾਰਨ ਪਿੰਡ ਵਿੱਚ ਹੀ ਮਿਹਨਤ ਮੁਸ਼ੱਕਤ ਕਰਦੇ ਨੇ, ਤੇ ਫਿਰ ਪਤਾ ਨਹੀਂ ਕਿਉਂ ਅਚਾਨਕ ਹੀ ਬਗੈਰ ਕਿਸੇ ਨਿੱਜੀ ਤਜ਼ਰਬੇ ਦੇ ਮਹਾਂ ਨਗਰ ਜਾਣ ਦੀ ਠਾਣ ਲੈਂਦੇ ਨੇ। ਪਹਿਲੇ ਹੈਂ ਹੀ ਸ਼ਹਿਰ ਦੇ ਰੋਲਵੇ ਸਟੇਸ਼ਨ ਉੱਤੇ ਕਿਸੇ ਅਜਨਬੀ ਕੋਲੋਂ ਠੱਗੇ ਜਾਂਦੇ ਨੇ, ਟਿਕਟਾਂ ਦੀ ਖਰੀਦਦਾਰੀ ਕਰਨ ਸਮੇਂ। ਸਾਰਾ ਮਾਜ਼ਰਾ ਰੇਲਵੇ ਸਟੇਸ਼ਨ ਤੇ ਹੀ ਵਾਪਰਦਾ ਹੈ। ਤਿੰਨਾਂ ਵਿੱਚ ਹੀ ਨਾ ਕੋਈ ਇੱਕਸੁਰਤਾ, ਨਾ ਤਾਲਮੇਲ ਨਾ ਕੋਈ ਸਮਝੌਤਾ, ਪਾਠ ਨੂੰ ਇਉਂ ਲੱਗਦਾ ਜਿਵੇਂ ਕਹਾਣੀ ਖਿੱਚ ਧੂਹ ਕੇ ਪੂਰੀ ਕੀਤੀ ਗਈ ਹੋਵੇ, ਕਹਿਣ ਵਾਲੀ ਗੱਲ ਤਾਂ ਇਹ ਹੈ ਕਿ ਮਨੁੱਖ ਵਿੱਚ ਖ਼ੁਦ ਮਨੁੱਖ ਹੀ ਗੁੰਮ ਹੈ। ਤਿੰਨੇ ਪਾਤਰ ਹੀ ਗੱਡੀ ਦੀ ਉਡੀਕ ਨੂੰ ਜ਼ਿੰਦਗੀ ਦੀ ਗੱਡੀ ਨਾਲ ਤੇ ਪਲੇਟਫਾਰਮ ਨੂੰ ਆਪਣੇ ਸੋਚ ਨਾਲ ਮੇਲ ਕੇ ਦੇਖਦੇ ਹਨ, ਤੇ ਖਾਲੀ ਹੱਥ ਰਾਤ ਗਏ ਘਰ ਵਾਪਸੀ ਕਰ ਲੈਂਦੇ ਹਨ।

"ਮੁਆਫ਼ ਕਰਨਾ" ਸਾਹਿਬ ਕਹਾਣੀ ਦੇ ਇੱਕ ਪਾਸੇ ਬਲਦੇਵ ਬਰਾੜ, ਸਰੂਪ ਸਿੰਘ ਦਫ਼ਤਰ ਦੇ ਮੁਖੀ ਹਨ ਸੁਪਰਡੈਂਟ ਬਾਂਸਲਾ ਤੇ ਪੀ.ਏ. ਆਹੂਜਾ ਤੇ ਮਿਸ ਰਮਨੀਕ ਜੋ ਸਾਧਾਰਨ ਬੀ.ਏ. ਪਾਸ (ਜੋ ਸਿਰਫ਼ ਜਿਸਮ ਦੀ ਨੁਮਾਇਸ਼ ਦੇ ਜ਼ੋਰ ਉੱਤੇ ਭਰਤੀ ਹੋਈ ਹੈ।) ਦਫ਼ਤਰੀ ਕਿਰਦਾਰਾਂ ਦੇ ਮਖੌਟਿਆਂ ਵਾਲੇ ਚਿਹਰੇ ਹਨ। ਜਦੋਂ ਕਿ ਦੂਜੇ ਪਾਸੇ ਗਗਨਦੀਪ ਕੰਮ ਨਲ ਕੰਮ ਰੱਖਣ ਵਾਲਾ, ਸੀਰਤ ਸਰਵਾਲ ਐਮ.ਏ. ਇੰਗਲਿਸ਼ ਸੈਕਿੰਡ ਡਵੀਜ਼ਨ, ਨੈਸ਼ਨਲ ਪੱਧਰ ਦੀ ਹਾਕੀ ਦੀ ਖਿਡਾਰਨ ਸਵੈਮਾਣ ਵਾਲੀ ਕੁੜੀ ਹੈ, ਜੋ ਆਪਣੇ ਸਰੀਰ ਵੱਲ ਵੇਖ ਬੌਸ ਦੇ ਹੱਥ ਨੂੰ ਵੀ ਪਰੇ ਧੱਕਣ ਦੀ ਹਿੰਮਤ ਰੱਖਦੀ ਐ ਤੇ ਸ਼ਖਤ ਮਿਹਨਤ ਉੱਤੇ ਵਿਸ਼ਵਾਸ ਕਰਦੀ ਐ। ਦੂਸਰੇ ਪਾਸੇ ਰਮਣੀਕ ਜੋ

ਦਫ਼ਤਰ ਦੇ ਹਰ ਬੌਸ ਨਾਲ ਘਿਉ ਖਿਚੜੀ ਹੋਣਾ ਆਪਣਾ ਹੱਕ ਸਮਝਦੀ ਐ, ਜੇਕਰ ਪਹਿਲੇ ਬੌਸ ਦੀ ਬਦਲੀ ਹੁੰਦੀ ਐ ਤਾਂ ਦੂਸਰਾ, ਉਹ ਭਾਵੇਂ ਸਰੂਪ ਵਿੱਚ ਹੋਵੇ ਜਾਂ ਬਲਦੇਵ ਬਰਾੜ। ਪਰ ! ਨਵਾਂ ਆਇਆ ਦਫ਼ਤਰ ਮੁਖੀ ਬਲਦੀਪ ਰਮਣੀਕ ਦੇ ਕਹਿਣ ਤੇ ਵੀ ਉਸ ਦੇ ਟਿਫ਼ਨ 'ਚੋਂ ਖਾਣਾ ਨਹੀਂ ਖਾਂਦਾ ਕਿਉਂਕਿ ਉਸ ਨੂੰ 'ਘਰ ਦੀ ਰੋਟੀ' 'ਚੋਂ ਵੱਧ ਅਨੰਦ ਆਂਦਾ ਹੈ। ਇਸੇ ਕਾਰਨ ਹੀ ਪਹਿਲੇ ਬੌਸਾਂ ਵੱਲੋਂ ਹਾਸ਼ੀਏ 'ਤੇ ਧੱਕੇ ਗਏ ਕੰਮ ਦੇ ਕਰਿੰਦੇ ਮੁੜ ਕੇਂਦਰ ਵਿੱਚ ਆ ਜਾਂਦੇ ਹਨ, ਜਿਨ੍ਹਾਂ ਵਿੱਚ ਸ਼ਰਨਦੀਪ ਸਰਿਤਾ ਸਰਵਾਲ ਸ਼ਾਮਿਲ ਨੇ। ਇਹ ਕਹਾਣੀ ਸੰਗ੍ਰਹਿ ਦੀ ਸਿਖ਼ਰ ਨਹੀਂ ਕਹੀ ਜਾ ਸਕਦੀ ਹੈ।

ਸੁਖਮਿੰਦਰ ਸੇਖੋਂ ਦੀਆਂ ਕਹਾਣੀਆਂ ਦੇ ਖਲਨਾਇਕ ਤਾਂ ਖਰ੍ਹਦੀ ਹੀ ਪਰ! ਇਸ ਦੀਆਂ ਕਹਾਣੀਆਂ ਦੇ ਨਾਇਕ ਬਾਹਰੋਂ ਚੁੱਪ ਤੇ ਅੰਦਰੋਂ ਬਹੁਤ ਬੋਲਦੇ ਹਨ। ਸੇਖੋਂ ਦੀ ਕਲਮ ਨੂੰ ਇਹ ਲਭ ਵੀ ਹੈ, ਕਿ ਇਹ ਹਰ ਕਹਾਣੀ ਵਿੱਚ ਬਹੁਤ ਕੁਝ ਅਣ-ਕਿਹਾ ਛੱਡ ਜਾਂਦੀ ਹੈ, ਜੋ ਪਾਠਕਾਂ ਨੂੰ ਖ਼ੁਦ ਵਾਚਣਾ ਪੈਂਦਾ ਹੈ, ਇਹ ਸੇਖੋਂ ਦੀ ਕਲਮ ਦਾ ਹਾਸਲ ਵੀ ਹੈ। ਸਾਨੂੰ ਉਸ ਦਿਨ ਦੀ ਤੀਬਰਤਾ ਨਾਲ ਉਡੀਕ ਹੈ ਜਦੋਂ ਸੇਖੋਂ ਦੇ ਪਾਤਰ ਆਪਣੇ ਮਨ ਮੰਦਰ ਦੇ ਵਿਚਾਰਾਂ ਦੀ ਚੁੱਪ ਨੂੰ (ਜਿਸ ਨੂੰ ਅੰਦਰਲਾ ਸੰਸਾਰ ਕਿਹਾ ਜਾਂਦਾ ਹੈ) ਜ਼ੁਬਾਨ ਦਿੰਦੇ ਹੋਏ ਸੱਜੇ ਹੱਥ ਦਾ ਮੁੱਕਾ ਤਾਣ ਕੇ ਉੱਚੀ ਆਵਾਜ਼ ਵਿੱਚ ਕਹਿਣਗੇ "ਨੀ ਮੈਂ ਢਾਹ ਦਿਆਂ ਦਿੱਲੀ ਦੇ ਕਿੰਗਰੇ, ਕਰਾਂ ਲਾਹੌਰ ਤਬਾਹੀ ਨੀਂ।"

ਕੁੱਲ ਮਿਲਾ ਕੇ "ਕੁਰਸੀਆਂ ਤੇ ਆਮ ਆਦਮੀ" ਕਹਾਣੀ ਸੰਗ੍ਰਹਿ ਪੜ੍ਹਨ ਮਾਨਣ ਤੇ ਸਾਂਭਣਯੋਗ ਐ।


***ਸੁਖਦੇਵ ਸਿੰਘ ਔਲਖ***

**094647-70121**

**ਪਿੰਡ + ਡਾਕ ਸ਼ੇਰਪੁਰ 148625, ਸੰਗਰੂਰ**


◆◆◆

# ਤੁਰਾਂ ਮੈਂ ਨਦੀ ਦੇ ਨਾਲ ਨਾਲ

**ਹਮਦਰਦਵੀਰ ਨੌਸ਼ਹਿਰਵੀ** ਇਕ ਸਮਰਪਿਤ ਅਤੇ ਸਿਦਕੀ ਲੇਖਕ ਹੈ। ਭਾਵੇਂ ਪੰਜਾਬੀ ਸਾਹਿਤ ਵਿੱਚ ਉਹ ਵਧੇਰੇ ਕਰਕੇ ਇਕ ਕਹਾਣੀਕਾਰ ਦੇ ਤੌਰ 'ਤੇ ਹੀ ਜਾਣਿਆ ਜਾਂਦਾ ਹੈ, ਪ੍ਰੰਤੂ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿੱਚ ਵੀ ਉਸਦਾ ਵਿਸ਼ੇਸ਼ ਮੁਕਾਮ ਰਿਹਾ ਹੈ। ਉਸ ਦੇ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਪਰ ਕਹਾਣੀ-ਲੇਖਣ ਉਸ ਦਾ ਪਹਿਲਾ ਪਿਆਰ ਰਿਹਾ ਹੈ। ਉਸ ਦੇ ਬਾਰ੍ਹਾਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। 'ਤੁਰਾਂ ਮੈਂ ਨਦੀ ਦੇ ਨਾਲ-ਨਾਲ' ਉਸ ਦਾ ਬਾਰ੍ਹਵਾਂ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਉਸ ਦੀਆਂ 25 ਕਹਾਣੀਆਂ ਸੰਗ੍ਰਹਿਤ ਹਨ।

ਹਮਦਰਦਵੀਰ ਇਕ ਮਾਨਤਾਵਾਦੀ ਲੇਖਕ ਹੈ। ਉਸ ਦੀ ਸੋਚ ਮਨੁੱਖਤਾ ਦੇ ਦੁੱਖਾਂ-ਸੁੱਖਾਂ ਨਾਲ ਪ੍ਰਣਾਈ ਹੋਈ ਹੈ। ਬੇਸ਼ੱਕ ਉਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਕਾਲਜ ਵਿੱਚ ਇਕ ਪ੍ਰੋਫੈਸਰ ਵਜੋਂ ਗੁਜ਼ਾਰਿਆ ਹੈ। ਪਰ ਬਹੁਤੇ ਪ੍ਰੋਫੈਸਰਾਂ ਵਾਂਗ ਉਹ ਇਲੀਟ ਬਣਨ/ਦਿਸਣ ਦਾ ਢੋਂਗ ਨਹੀਂ ਕਰਦਾ, ਬਲਕਿ ਕਿਰਤੀ ਵਰਗ ਨਾਲ ਆਪਣੀ ਸਾਂਝ ਦਰਸਾ ਕੇ, ਉਨ੍ਹਾਂ ਦੇ ਸੁਖ-



ਦੁਖ ਨਾਲ ਭਿਆਲੀ ਪਾ ਕੇ ਖ਼ੁਸ਼ ਰਹਿੰਦਾ ਹੈ। ਹਥਲੇ ਸੰਗ੍ਰਹਿ ਵਿੱਚ ਉਸ ਦੀ ਹਰ ਕਹਾਣੀ ਅਜੋਕੇ ਦੌਰ ਦੇ ਆਮ ਆਦਮੀ ਦੇ ਜੀਵਨ ਦੀ ਪ੍ਰਤੀਨਿਧਤਾ ਕਰਦੀ ਹੈ। ਉਹ ਛੋਟੀ ਕਹਾਣੀ ਲਿਖਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਕਹਾਣੀ ਇਕ ਐਸੀ ਵਿਧਾ ਹੈ, ਜਿਸ ਵਿਚ ਲੇਖਕ ਜੀਵਨ ਦੇ ਕਿਸੇ ਅਰਥਪੂਰਨ ਲਮਹੇ ਨੂੰ ਪਕੜਨ ਅਤੇ ਅੰਕਿਤ ਕਰਨ ਦਾ ਪ੍ਰਯਾਸ ਕਰਦਾ ਹੈ। ਬੇਸ਼ੱਕ, ਪੰਜਾਬੀ ਵਿੱਚ ਕਹਾਣੀ ਕਾਫ਼ੀ ਮਾਤਰਾ ਵਿੱਚ ਲਿਖੀ ਜਾ ਰਹੀ ਹੈ ਪਰ ਬਹੁਤੇ ਕਹਾਣੀਕਾਰਾਂ ਨੂੰ ਕਹਾਣੀ ਕਲਾ ਦੀ ਇਸ ਰਮਜ਼ ਬਾਰੇ ਜਾਣਕਾਰੀ ਨਹੀਂ ਹੈ। ਉਸ ਆਪਣੇ ਆਸ-ਪਾਸ ਦੇ ਜੀਵਨ ਵਿੱਚੋਂ ਕੁਝ ਘਟਨਾਵਾਂ ਚੁੱਕਦਾ ਹੈ ਅਤੇ ਉਨ੍ਹਾਂ ਨੂੰ ਇਕ ਸੁਗਠਿਤ ਪਲਾਟ ਵਿੱਚ ਬੰਨ੍ਹ ਕੇ ਪੇਸ਼ ਕਰਦਾ ਹੈ। ਆਪਣੀਆਂ ਕਹਾਣੀਆਂ ਵਿੱਚੋਂ ਉਹ ਕਿਸੇ ਲਮਹੇ ਨੂੰ ਉਜਾਗਰ ਕਰਨ ਦੀ ਜ਼ਰੂਰਤ ਨਹੀਂ ਸਮਝਦਾ ਸਿੱਟੇ ਵਜੋਂ ਉਸ ਦੀਆਂ ਕਹਾਣੀਆਂ ਵਿੱਚ ਕੋਈ ਵਿਸਫ਼ੋਟ ਨਹੀਂ ਹੁੰਦਾ, ਜੋ ਪਾਠਕ ਦੀ ਚੇਤਨਾ ਨੂੰ ਝੰਜੋੜ ਸੁੱਟੇ, ਉਸ ਨੂੰ ਬੇਕਰਾਰ ਕਰ ਦੇਵੇ। ਸ਼ਾਇਦ ਉਹ ਖ਼ੁਦ ਵੀ ਕਦੇ ਬੇਕਰਾਰ ਨਹੀਂ ਹੁੰਦਾ, ਫਿਰ ਉਸ ਦੀਆਂ ਕਹਾਣੀਆਂ ਵਿੱਚ ਬੇਕਰਾਰੀ ਦੇ ਲੱਛਣ ਕਿਵੇਂ ਪੈਦਾ ਹੋਣ? ਇਹੀ ਕਾਰਨ ਹੈ ਕਿ ਸਮਕਾਲੀ ਦੌਰ ਵਿੱਚ ਲਿਖੀ ਜਾ ਰਹੀ ਕਹਾਣੀ ਜੀਵਨ ਨਾਲੋਂ ਕਾਫ਼ੀ ਪਛੜਦੀ ਜਾ ਰਹੀ ਹੈ।

ਨੌਸ਼ਹਿਰਵੀ ਜਦੋਂ ਕਹਾਣੀ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਕਹਾਣੀ ਖ਼ਤਮ ਕਰਨ ਦੀ ਕੋਈ ਕਾਹਲ ਜਾਂ ਉਤੇਜਨਾ ਨਹੀਂ ਹੁੰਦੀ, ਉਹ ਬੜੇ ਸਹਿਜ ਭਾਵ ਨਾਲ ਆਪਣੇ ਪਾਤਰਾਂ ਦੇ ਜੀਵਨ ਨਾਲ ਸਬੰਧਿਤ ਵੇਰਵਿਆਂ ਨੂੰ ਬਿਆਨ ਕਰਦਾ ਜਾਂਦਾ ਹੈ। ਉਦਾਹਰਣ ਲਈ ਉਸ ਦੀ ਪਹਿਲੀ ਕਹਾਣੀ 'ਚਿੜੀਆਂ ਦਾ ਗਵਾਚਿਆ ਚੰਬਾ' ਦੀ ਹੀ ਰੂਪ ਰਚਨਾ ਵੇਖ ਲਵੋ। ਉਹ ਇਹ ਕਹਾਣੀ ਆਪਣੀ ਨਾਨੀ ਬਿੱਸੋ ਦੁਆਰਾ ਪਾਲੇ ਕੁੱਤਿਆਂ ਬਿੱਲੀਆਂ ਦੇ ਵੇਰਵੇ ਨਾਲ ਸ਼ੁਰੂ ਕਰਦਾ ਹੈ। ਇਹ ਕੁੱਤੇ-ਬਿੱਲੀਆਂ ਕਿਹੋ ਜਿਹੇ ਸਨ, ਕਿਵੇਂ ਖਾਂਦੇ-ਪੀਂਦੇ ਸਨ, ਆਦਿਕ ਵੇਰਵੇ ਲੇਖਕ ਪੂਰੇ ਠਰ੍ਹੰਮੇ ਨਾਲ ਨੈਰੇਟ ਕਰਦਾ ਹੈ। ਖੂਹੀ ਦੀਆਂ ਚਾਰ ਭੌਣੀਆਂ ਅਤੇ ਉਨ੍ਹਾਂ ਨੂੰ ਗੇੜ ਕੇ ਪਾਣੀ ਭਰਨ ਅਤੇ ਇਸ਼ਨਾਨ ਕਰਨ ਵਾਲੇ ਲੋਕਾਂ ਦੇ ਵੇਰਵੇ ਸ਼ੁਰੂ ਕਰ ਦਿੰਦਾ ਹੈ, ਇਹ ਕਹਾਣੀ ਦਾ ਤੀਜਾ ਪਸਾਰ ਹਿੰਦ- ਪਾਕਿ ਵੰਡ ਦੇ ਮਾਹੌਲ ਬਾਰੇ ਜਾਣਕਾਰੀ ਦਿੰਦਾ ਹੈ ਕਿ ਕਿਵੇਂ ਹੋਰ ਪਿੰਡਾਂ ਵਾਂਗ ਨਾਨੀ ਦੇ ਪਿੰਡ ਗੰਡੀਵਿੰਡ ਵਿਚ ਰਹਿਣ ਵਾਲੇ ਮੁਸਲਮਾਨ ਲੋਕ ਵੀ ਆਸ-ਪਾਸ ਦੇ ਵਿਸ਼ੈਲੇ ਮਾਹੌਲ ਕਾਰਨ ਆਤੰਕਿਤ ਹੋ ਗੇ ਸਨ। ਇਨ੍ਹਾਂ ਮੁਸਲਮਾਨਾਂ ਨੇ ਪਹਿਲਾਂ ਪਿੰਡ ਦੀ ਮਸੀਤ ਵਿੱਚ ਪਨਾਹ ਲਈ, ਪ੍ਰੰਤੂ ਨਾਨੀ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਆਪਣੇ ਘਰ ਲੈ ਆਈ ਸੀ। ਗੁਆਂਢੀ ਪਿੰਡਾਂ ਦੇ ਹਿੰਦੂ-ਸਿੱਖ ਲੁਟੇਰਿਆਂ ਨੇ ਨਾਨੀ ਦੇ ਘਰ ਉਪਰ ਹਮਲਾ ਕਰ ਦਿੱਤਾ। ਪਿੰਡ ਦੇ ਨੌਜਵਾਨਾਂ ਨੇ ਆਪਣੀ ਜਾਨ ਉੱਪਰ ਖੇਡ ਕੇ ਵੀ ਮੁਸਲਮਾਨਾਂ ਦੀ ਰੱਖਿਆ ਕੀਤੀ ਅਤੇ ਰਾਤੋ ਰਾਤ ਉਨ੍ਹਾਂ ਨੂੰ ਬਾਰਡਰ ਪਾਰ ਕਰਵਾ ਆਏ। ਪਰ ਕਾਫ਼ਲੇ ਦੇ ਨਾਲ ਗੱਡੇ ਉੱਪਰ ਬੈਠੀ ਇਕ ਮੁਸਲਮਾਨ ਮੁਟਿਆਰ ਸੀਮਾ ਨੂੰ ਪਿੰਡ ਦਾ ਇਕ ਵੈਲੀ ਧੂਹ ਕੇ ਲੈ ਆਇਆ। ਉਸ ਮੁਟਿਆਰ ਨੇ ਆਪਣੀ ਅਸਮਤ ਬਚਾਉਣ ਲਈ ਨਾਨੀ ਦੇ ਘਰ ਸਾਹਮਣੇ ਬਣੀ ਖੂਹੀ ਵਿੱਚ ਕੁੱਦ ਕੇ ਆਪਣੀ ਜਾਨ ਦੇ ਦਿੱਤੀ। ਪਿੰਡ ਦੇ ਹੋਰ ਲੋਕ ਅਫ਼ਸੋਸ ਪ੍ਰਗਟ ਕਰ ਕੇ ਆਪੋ ਆਪਣੇ ਕੰਮੀਂ ਰੁੱਝ ਗਏ, ਪਰ ਨਾਨੀ ਬੇਚੈਨ ਸੀ। ਉਸ ਨੂੰ ਇਸ ਗੱਲ ਦਾ ਡਾਢਾ ਰੰਜ ਸੀ ਕਿ ਲੁਟੇਰਿਆਂ ਦੀ ਵਹੀਰ ਮੁਸਲਮਾਨਾਂ ਦੀ ਲੁੱਟ-ਮਾਰ ਕਰਨ ਲਈ ਉਸ ਦੇ ਦਰ-ਦਰਵਾਜ਼ੇ ਭੰਨ

ਰਹੀ ਸੀ ਤਾਂ ਕੁੱਤਿਆਂ ਅਤੇ ਬਿੱਲੀਆਂ ਨੇ ਉਨ੍ਹਾਂ ਦਾ ਵਿਰੋਧ ਕਿਉਂ ਨਾ ਕੀਤਾ? ਉਨ੍ਹਾਂ ਉੱਪਰ ਝਪਟੇ ਕਿਉਂ ਨਹੀਂ? ਇਸ ਗੱਲ ਤੋਂ ਦੁਖੀ ਹੋ ਕੇ ਨਾਨੀ ਬਿੱਸੋ ਨੇ ਸਾਰੇ ਕੁੱਤੇ ਅਤੇ ਬਿੱਲੀਆਂ ਨੂੰ ਡੰਡੇ ਮਾਰ-ਮਾਰ ਕੇ ਆਪਣੇ ਘਰੋਂ ਬਾਹਰ ਨਠਾ ਦਿੱਤਾ। ਨਾਨੀ ਦੇ ਮਨ-ਮਸਤਿਕ ਵਿੱਚ ਪੈਦਾ ਹੋਏ ਇਸ ਲਮਹੇ ਨੂੰ ਨੌਸ਼ਹਿਰਵੀ ਨੇ ਜਿਸ ਨਿਪੁੰਨਤਾ ਨਾਲ ਪਕੜਿਆ ਹੈ, ਉਹੀ ਇਸ ਕਹਾਣੀ ਦਾ ਹਾਸਿਲ ਹੈ। ਨਾਨੀ ਦਾ ਇਹ ਵਿਚਾਰ ਬਿਲਕੁਲ ਸਹੀ ਸੀ ਕਿ ਜਿਹੜੇ ਕੁੱਤੇ ਬਿੱਲੇ (ਜਾਂ ਇਨ੍ਹਾਂ ਵਰਗੇ ਲੋਕ) ਅਨਿਆਇ ਦਾ ਵਿਰੋਧ ਨਹੀਂ ਕਰ ਸਕਦੇ, ਚਿੰਘਾੜ ਵੀ ਨਹੀਂ ਸਕਦੇ, ਉਨ੍ਹਾਂ ਨੂੰ ਘਰਾਂ (ਜਾਂ ਸਮਾਜ) ਵਿੱਚ ਰੱਖਣ ਦਾ ਕੀ ਲਾਭ? ਅਜਿਹੇ ਅਣਹੋਇਆਂ ਨਾਲੋਂ ਤਾਂ ਵਿਅਕਤੀ ਇਕੱਲਾ ਹੀ ਚੰਗਾ ਹੈ।

ਕਹਾਣੀ ਕਹਿਣ ਦੀ ਇਹ ਵਿਧੀ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵਰਤੀ ਗਈ ਹੈ। ਇਸ ਵਿਧੀ ਦੁਆਰਾ ਨਾਟਕੀਅਤ ਪੈਦਾ ਹੋ ਜਾਂਦੀ ਹੈ ਅਤੇ ਨਾਲ-ਨਾਲ ਖੁੱਲ੍ਹੇ, ਅੰਤ ਵਾਲੀਆਂ (Open ended)ਰਚਨਾਵਾਂ ਵੀ ਬਣ ਜਾਂਦੀਆਂ ਹਨ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਦੇ ਜ਼ੇਹਨ ਵਿੱਚ ਮਨੁੱਖੀ ਜੀਵਨ ਦੇ ਵਿਭਿੰਨ ਵਰਤਾਰਿਆਂ ਬਾਰੇ ਬਹੁਤ ਸਾਰੇ ਵਿਕਲਪ ਖੁਲ੍ਹ ਜਾਂਦੇ ਹਨ। ਉਸ ਦੀ ਸੋਚ ਦੇ ਦਾਇਰੇ ਵਧੇਰੇ ਵਸੀਹ ਹੋ ਜਾਂਦੇ ਹਨ। ਇਹੀ ਪ੍ਰਮਾਣਿਕ ਸਾਹਿਤ ਦੇ ਮੁੱਖ ਲੱਛਣ ਹੁੰਦੇ ਹਨ।

ਕਹਾਣੀਕਾਰ ਦੇਖੇ-ਭਾਲੇ ਜੀਵਨ ਵਿੱਚੋਂ ਆਪਣੀਆਂ ਕਹਾਣੀਆਂ ਚੁੱਕਦਾ ਹੈ। 'ਮੁੱਠੀ ਵਿਚਲੇ ਤਾਰੇ' ਵਰਗੇ ਬਿਰਤਾਂਤ ਹਰ ਨਿਮਨ ਮੱਧਵਰਗੀ ਵਿਅਕਤੀ ਦੇ ਜੀਵਨ ਵਿੱਚ ਵਾਪਰਦੇ ਰਹਿੰਦੇ ਹਨ। ਜਦੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਜਾਂਦੀਆਂ ਹਨ ਤਾਂ ਦਰਾਣੀ-ਜਠਾਣੀ ਦੀ ਕਿਸੇ ਗੱਲੋਂ ਠਣ ਜਾਂਦੀ ਹੈ। ਇਸ ਕਹਾਣੀ ਵਿੱਚ ਕਿ ਭਰਾ ਅਤੇ ਉਸ ਦੀ ਪਤਨੀ ਸਕੂਲ ਅਧਿਆਪਕ ਹਨ। ਉਨ੍ਹਾਂ ਦੀ 'ਸੁਗੰਧ' ਨਾਮ ਦੀ ਇਕੋ ਇਕ ਬੇਟੀ ਹੈ। ਦੂਜਾ ਛੋਟਾ ਭਰਾ ਦੁਕਾਨਦਾਰ ਹੈ ਅਤੇ ਉਸ ਦੀ ਘਰੇਲੂ ਔਰਤ ਹੈ। ਦਰਾਣੀ ਆਪਣੀ ਜਠਾਣੀ ਨਾਲ ਇਸ ਗੱਲੋਂ ਈਰਖਾ ਕਰਦੀ ਹੈ ਕਿ ਉਹ ਅਧਿਆਪਕਾ ਹੈ ਪਰੰਤੂ ਜਠਾਣੀ ਨੂੰ ਦਰਾਣੀ ਨਾਲ ਕੋਈ ਗਿਲਾ ਨਹੀਂ। ਜਦੋਂ ਦਰਾਣੀ ਦੇ ਘਰ ਪੁੱਤਰ ਹੋ ਜਾਂਦਾ ਹੈ ਤਾਂ ਉਹ ਜਠਾਣੀ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਉਸ ਨਾਲੋਂ ਸਾਰੇ ਸਬੰਧ ਤੋੜ ਲੈਂਦੀ ਹੈ। ਪਰ ਇਸ ਦੇ ਬਾਵਜੂਦ ਜਠਾਣੀ ਆਪਣੇ ਛੋਟੇ ਜਿਹੇ ਭਤੀਜੇ ਨਾਲ ਪਿਆਰ ਕਰਦੀ ਹੈ। ਭਤੀਜਾ ਵੀ ਉਸ ਨਾਲ ਮੋਹ ਪਾ ਲੈਂਦਾ ਹੈ ਅਤੇ ਉਸ ਨੂੰ ਦੇਖੇ ਬਗ਼ੈਰ ਵੈਰਾਗ ਜਾਂਦਾ ਹੈ। ਹੌਲੀ-ਹੌਲੀ ਉਹ ਬੀਮਾਰ ਰਹਿਣ ਲੱਗ ਜਾਂਦਾ ਹੈ। ਚਾਈਲਡ-ਸਪੈਸ਼ਿਲਿਸਟ ਡਾਕਟਰ ਬੱਚੇ ਦੇ ਰੋਗ ਨੂੰ ਪਹਿਚਾਣ ਲੈਂਦਾ ਹੈ ਅਤੇ ਬੱਚੇ ਨੂੰ ਤਾਈ ਕੋਲ ਖੇਡਣ ਦੀ ਹਦਾਇਤ ਕਰ ਦਿੰਦਾ ਹੈ। ਬੱਚੇ ਨੂੰ ਇਉਂ ਲੱਗਦਾ ਹੈ ਜਿਵੇਂ ਉਸ ਦੀ ਮੁੱਠੀ ਵਿਚ ਤਾਰੇ ਆ ਗਏ ਹੋਣ। ਉਹ ਨਿਰੋਗ ਹੋ ਜਾਂਦਾ ਹੈ।

ਕਹਾਣੀਕਾਰੀ ਦੀ ਧਾਰਨਾ ਹੈ ਕਿ ਹਰ ਵਿਅਕਤੀ ਨੂੰ ਖੁਸ਼ ਰਹਿਣ ਅਤੇ ਆਪਣੀ ਉਮੰਗਾਂ ਅਨੁਸਾਰ ਜੀਵਨ ਜਿਉਣ ਦਾ ਅਧਿਕਾਰ ਹੈ। ਖੁਸ਼ (ਕੌਣ ਦਿਲਾਂ ਦੀਆਂ ਜਾਣੇ) ਦਿਸਣ ਅਤੇ ਬਣ-ਫਬ ਕੇ ਰਹਿਣ ਦਾ ਅਧਿਕਾਰ ਕੇਵਲ ਚੰਦ ਅਮੀਰ ਲੋਕਾਂ ਦਾ ਹੀ ਨਹੀਂ ਹੈ ਬਲਕਿ ਜਿਪਸੀ ਵਰਗੀਆਂ ਗਰੀਬ ਮੁਟਿਆਰਾਂ ਦਾ ਵੀ ਹੈ। ਪਰ ਉਸ ਦਾ ਸਹੁਰਾ ਪਰਿਵਾਰ ਉਸ ਨੂੰ ਇਹ ਅਧਿਕਾਰ ਨਹੀਂ ਦਿੰਦਾ, ਬਲਕਿ ਜੇ ਉਹ ਆਪਣੀ ਹਿੰਮਤ ਅਤੇ ਸਿਆਣਪ ਨਾਲ ਖੁਸ਼ ਰਹਿਣ



ਦੇ ਕੁਝ ਮੌਕੇ ਪੈਦਾ ਵੀ ਕਰ ਲੈਂਦੀ ਹੈ ਤਾਂ ਸਹੁਰੇ ਪਰਿਵਾਰ ਦੇ ਲੋਕ ਉਸ ਤੋਂ ਅਜਿਹੇ ਮੌਕੇ ਖੋਹ ਲੈਂਦੇ ਹਨ। ਤੰਗ ਆ ਕੇ ਜਿਪਸੀ ਆਤਮ-ਹੱਤਿਆ ਕਰ ਲੈਂਦੀ ਹੈ। ਅੱਜ ਕੱਲ੍ਹ ਨਿਮਨ ਪਰਿਵਾਰਾਂ ਵਿੱਚ ਬਹੁਤੀਆਂ ਆਤਮ-ਹੱਤਿਆਵਾਂ ਇਸੇ ਕਾਰਨ ਹੋ ਰਹੀਆਂ ਹਨ ਕਿ ਇਨ੍ਹਾਂ ਦੇ ਜੀਵਨ ਵਿੱਚ ਖ਼ੁਸ਼ੀ ਦਾ ਮੌਕਾ ਹੀ ਨਹੀਂ ਬਚਿਆ। ਖ਼ੁਸ਼ੀ ਤੋਂ ਬਗ਼ੈਰ ਜੀਵਨ ਢੋਈ ਜਾਣ ਦੇ ਕੀ ਅਰਥ? ਵਾਤਾਵਰਣ-ਪ੍ਰੇਮੀ ਹੋਣ ਕਾਰਨ ਲੇਖਕ ਤਾਂ ਇਥੋਂ ਤਕ ਚਲਾ ਜਾਦੰਾ ਹੈ ਕਿ ਰੁੱਖ-ਬੂਟਿਆਂ ਦੀ ਸੰਗਤ ਵਿੱਚੋਂ ਵੀ ਖ਼ੁਸ਼ੀ ਤਲਾਸ਼ ਲੈਂਦਾ ਹੈ। ਇਸ ਪੱਖੋਂ ਉਸ ਦੀ ਇਕ ਕਹਾਣੀ 'ਅਸ਼ੋਕ ਅਤੇ ਅਸ਼ੋਕ' ਉਲੇਖਯੋਗ ਹੈ।

ਕਹਾਣੀ ਕਲਾ ਉਪਰ ਪ੍ਰੋ. ਨੌਸ਼ਹਿਰਵੀ ਨੂੰ ਏਨਾ ਅਧਿਕਾਰ ਹੈ ਕਿ ਉਹ 'ਜੰਗਲ ਦਾ ਫੁੱਲ' ਅਤੇ 'ਭੂਮੀ ਪੁੱਤਰ' ਵਰਗੇ ਵਿਅਕਤੀ-ਚਿੱਤਰਾਂ ਨੂੰ ਵੀ ਸਫ਼ਲ ਕਹਾਣੀਆਂ ਦਾ ਰੂਪ ਦੇ ਦਿੰਦੀ ਹੈ। 'ਜੰਗਲ ਦਾ ਫੁੱਲ' ਵਿੱਚ ਵਾਰਤਾਲਾਪ ਸ਼ੈਲੀ, ਵਿਅਕਤੀ-ਚਿਤਰ ਨੂੰ ਕਹਾਣੀ ਵਜੋਂ ਰੂਪਾਂਤਰਿਤ ਕਰ ਦਿੰਦੀ ਹੈ। ਇਸ ਰਚਨਾ ਵਿੱਚ ਲੇਖਕ ਆਪਣੇ ਵੱਲੋਂ ਕੁਝ ਨਹੀਂ ਕਹਿੰਦਾ, ਕੋਈ ਵਿਅੰਗ ਵੀ ਨਹੀਂ ਕਰਦਾ, ਪਰ ਉਸ ਦੁਆਰਾ ਦਿੱਤੇ ਗਏ ਸਥਾਨਕ ਵੇਰਵੇ ਹੀ ਏਨੇ ਸ਼ਕਤੀਸ਼ਾਲੀ ਹਨ ਕਿ ਕਥਿਤ ਬਾਬਿਆਂ ਦੀ ਤਰਜ਼ਿ-ਜ਼ਿੰਦਗੀ ਅਤੇ ਸ਼ੋਸ਼ਣ ਆਪਣੇ ਆਪ ਬੇਨਕਾਬ ਹੋ ਜਾਂਦੇ ਹਨ। 'ਭੂਮੀ-ਪੁੱਤਰ' ਵਿੱਚ ਇਕ ਸੱਚੇ-ਸੁੱਚੇ ਕਾਮਰੇਡ ਦੀ ਜੀਵਨ-ਸ਼ੈਲੀ ਹੀ ਇਕ ਮਾਰਮਿਕ ਕਹਾਣੀ ਦਾ ਰੂਪ ਧਾਰਨ ਕਰ ਜਾਂਦੀ ਹੈ। ਇਸ ਕਾਮਰੇਡ ਦਾ ਟੁੱਟਾ-ਫੁੱਟਾ ਸਾਈਕਲ ਅਤੇ ਹੈਂਡਲ ਨਾਲ ਟੰਗਿਆ ਹੋਇਆ ਵਰ੍ਹਿਆਂ ਪੁਰਾਣਾ ਖੱਦਰ ਦਾ ਝੋਲਾ ਇਕ ਜੁਝਾਰੂ ਮਨੁੱਖ ਦੇ ਸਿਰੜ ਨੂੰ ਦਰਸਾਉਣ ਵਾਲੇ ਸ਼ਕਤੀਸ਼ਾਲੀ ਪ੍ਰਤੀਕ ਹੋ ਨਿੱਬੜਦੇ ਹਨ। 'ਹੱਡੀ ਅਤੇ ਮਨੁੱਖ' ਲੇਖਕ ਤੇ ਪਾਕਿਸਤਾਨੀ ਸਫ਼ਰਨਾਮੇ ਦਾ ਇਕ ਅੰਸ਼ ਹੈ, ਜੋ ਪ੍ਰਤੀਕਾਤਮਕ ਅਭਿਵਿੰਅਜਨ ਦੇ ਸਦਕਾ ਇਕ ਸਫ਼ਲ ਕਹਾਣੀ ਦਾ ਰੂਪ ਧਾਰਨ ਕਰ ਜਾਂਦਾ ਹੈ। ਇਹ ਕਹਾਣੀ ਪੰਜਾਬੀ ਵਿੱਚ ਲਿਖੀਆਂ ਗਈਆਂ ਦੋ ਬੇਹਤਰੀਨ ਰਚਨਵਾਂ 'ਗਰਮ ਕੋਟ' ਅਤੇ 'ਰਜ਼ਾਈ' ਵਲ ਬਰ ਮੇਚਦੀ ਹੈ। ਹਮਦਰਦਵੀਰ ਨੌਸ਼ਹਿਰਵੀ ਪੰਜਾਬੀ ਦਾ ਇਕ ਪ੍ਰਮੁੱਖ ਕਹਾਣੀਕਾਰ ਹੈ। ਉਹ ਏਨਾ ਸਜੱਗ ਲੇਖਕ ਹੈ ਕਿ ਉਸ ਦੁਆਰਾ ਆਪਣੇ ਪਾਤਰਾਂ ਦੇ ਰੱਖੇ ਹੋਏ ਨਾਮ ਹੀ ਉਨ੍ਹਾਂ ਦੀ ਪੂਰੀ ਸਖਸ਼ੀਅਤ ਨੂੰ ਪਾਠਕਾਂ ਦੇ ਸਨਮੁੱਖ ਉਜਾਗਰ ਕਰ ਦਿੰਦੇ ਹਨ। ਮੈਂ ਉਸ ਦੀ ਇਸ ਰਚਨਾ ਦਾ ਭਰਪੂਰ ਸਵਾਗਤ ਕਰਦਾ ਹੈ।

***ਪ੍ਰੋ. ਬ੍ਰਹਮਜਗਦੀਸ਼ ਸਿੰਘ***
**ਬ੍ਰਹਮ ਨਿਵਾਸ, ਹਰਿੰਦਰਾ ਨਗਰ, ਫਰੀਦਕੋਟ**-151203
**ਮੋਬਾ.** 98760-52136

◆◆◆

# ਪੰਜਾਬੀ ਗ਼ਜ਼ਲ ਦੇ ਪੈਂਡਿਆਂ ਦੀ ਲੋਅ ਹੈ
# ''ਮੈਂ ਮੀਲ ਪੱਥਰ ਹਾਂ''

**ਜਨਕਪ੍ਰੀਤ ਬੇਗੋਵਾਲ** ਇੱਕ ਸਿਰੜੀ ਅਤੇ ਸਿਦਕਵਾਨ ਗ਼ਜ਼ਲਕਾਰ ਹੈ। ਪਹਿਲਾਂ ਉਹ ਕਵਿਤਾ ਰਚਦਾ ਸੀ 'ਸਵੇਰ ਦੀ ਤਲਾਸ਼' ਅਤੇ 'ਧਰਤੀ, ਅੰਬਰ ਤੇ ਖੁਸ਼ਬੂ' ਉਸ ਦੇ ਐਸੇ ਕਾਵਿ-ਸੰਗ੍ਰਹਿ ਹਨ ਜਿਨ੍ਹਾਂ ਸਦਕਾ ਉਹ ਕਾਵਿ ਖੇਤਰ ਵਿੱਚ ਆਪਣੀ ਡੂੰਘੀ ਪਛਾਣ ਬਣਾਉਣ ਵਿੱਚ ਸਫ਼ਲ ਰਿਹਾ ਹੈ। ਪਰ ਉਸ ਦੀ ਤਬੀਅਤ ਵਿੱਚ ਸ਼ਿਅਰਕਾਰੀ ਦੀ ਸੁੰਦਰਤਾ ਸੀ। ਉਸ ਦੀਆਂ ਕਵਿਤਾਵਾਂ ਵਿੱਚੋਂ ਵੀ ਸ਼ਿਅਰਾਂ ਵਰਗੀ ਖੁਸ਼ਬੂ ਉੱਡਦੀ ਸੀ। ਅਲਬੱਤਾ ਉਸਨੇ ਜਦ ਗ਼ਜ਼ਲ ਵੱਲ ਕਦਮ ਰੱਖਿਆ ਤਾਂ ਮੁੜ ਕਿਸੇ ਹੋਰ ਪਾਸੇ ਨਹੀਂ ਵੇਖਿਆ। ਹੱਥਲੀ ਗ਼ਜ਼ਲ ਪੁਸਤਕ ਵਿੱਚ ਉਸ ਦੀਆਂ 84 ਸ਼ਾਨਦਾਰ ਗ਼ਜ਼ਲਾਂ ਹਨ। ਹਰ ਗ਼ਜ਼ਲ ਦਾ ਉਸ ਨੇ ਸਿਰਲੇਖ ਰੱਖਿਆ ਹੈ ਜੋ ਅੱਛੀ ਗੱਲ ਹੈ। ਦੂਜੀ ਸਿਫ਼ਤ ਇਹ ਹੈ ਕਿ ਬੇਗੋਵਾਲ ਸਾਹਿਬ ਨੇ ਹਰ ਗ਼ਜ਼ਲ ਦੇ ਉੱਪਰ ਬਹਿਰ ਦਾ ਨਾਮ ਅਤੇ ਸਰੂਪ ਵੀ ਲਿਖ ਦਿੱਤਾ ਹੈ। ਭਾਵੇਂ ਸ਼ਾਇਰ ਨੇ ਬਹੁਤ ਸਾਰੇ ਬਹਿਰ ਅਪਣਾਏ ਹਨ ਪਰ ਉਸ ਦੀ ਤਬੀਅਤ ਵਿੱਚ ਬਹਿਰ ਹਜ਼ਜ, ਰਮਲ਼ ਅਤੇ ਸੱਤ ਫੇਲੁਨ ਫੇ ਆਦਿ ਬਹਿਰ ਖੂਬੀ ਨਾਲ ਰਮੇ ਹੋਏ ਹਨ। ਭਾਵੇਂ ਸ਼ਾਇਰ ਨੇ ਬਹਿਰਾਂ ਦਾ ਵੱਧ ਤੋਂ ਵੱਧ ਪ੍ਰਦਰਸ਼ਨ ਕੀਤਾ ਹੈ ਫਿਰ ਵੀ ਉਸ ਦੇ ਸ਼ਿਆਰਾਂ ਵਿਚਲੇ ਬਿੰਬ, ਚਿੰਨ, ਪ੍ਰਤੀਕ ਅਤੇ ਭਾਸ਼ਾ ਦੀ ਸੁੰਦਰਤਾ ਨੇ ਉਸ ਦੇ ਖਿਆਲਾਂ ਨੂੰ ਪ੍ਰੌੜਤਾ ਬਖਸ਼ੀ ਹੈ। ਉਹ ਇਤਿਹਾਸ ਅਤੇ ਮਿਥਿਹਾਸ ਨਾਲ ਸ਼ਿਅਰਾਂ ਦੀ ਸੁੰਦਰਤਾ ਵਿੱਚ ਵਾਧਾ ਕਰਦਾ ਹੈ :

ਅਸ਼ੋਕਾ ਨੇ ਕਲਿੰਗਾ ਵਿੱਚ ਜਿਹੜਾ ਘਾਣ ਸੀ ਪਾਇਆ,
ਕਿਸੇ ਨੇ ਵੀ ਉਹਨਾਂ ਮਜ਼ਲੂਮਾਂ ਦਾ ਨਾ ਮਰਸੀਆ ਗਾਇਆ।

ਉਹਨਾਂ ਮਾਵਾਂ ਦਾ ਧੰਨ ਜਿਗਰਾ ਜਿਨ੍ਹਾਂ ਆਪਣੇ ਜੁਆਕਾਂ ਦੇ,
ਪਵਾ ਕੇ ਟੁਕੜਿਆਂ ਨੂੰ ਝੋਲੀਆਂ ਵਿੱਚ ਹਿੱਕ ਨੂੰ ਲਾਇਆ।

ਉਪਰੋਕਤ ਸ਼ਿਅਰਾਂ ਵਿੱਚ ਇਤਿਹਾਸ ਦੀ ਪੇਸ਼ਕਾਰੀ ਨੇ ਖਿਆਲ ਨੂੰ ਵਿਸਥਾਰ ਦੇ ਦਿੱਤਾ ਹੈ। ਇਸੇ ਤਰ੍ਹਾਂ ਉਹ ਸਮਾਜਿਕ ਮਾਨਤਾਵਾਂ ਦਾ ਰੰਗ ਆਪਣੇ ਸ਼ਿਅਰਾਂ ਵਿੱਚ ਲਿਆ ਕੇ ਸੱਭਿਅਣਾਚਾਰਕ ਪਰਿਪੇਖ ਦੀ ਗੱਲ ਕਰਦਾ ਹੈ । ਜਿਵੇਂ :

ਨਗਰ ਵਿੱਚ ਫਿਰ ਰਿਹਾ ਆਦਮ ਬੋ ਆਦਮ ਬੋ ਫਿਰੇ ਕਰਦਾ,
ਇਹ ਰਾਖਸ਼ ਭੁੱਖ ਦਾ ਹਰ ਚਿਹਰਾ ਹੀ ਇਸ ਨੇ ਹੈ ਮੁਰਝਾਇਆ।

ਬੇਗੋਵਾਲ ਦੀ ਗ਼ਜ਼ਲ ਆਮ ਸ਼ਾਇਰਾਂ ਦੀ ਗ਼ਜ਼ਲ ਤੋਂ ਗੰਭੀਰ ਅਵਸਥੀ ਹੈ। ਉਸ ਨੇ ਪ੍ਰੇਮ ਪਿਆਰ ਅਤੇ ਇਸ਼ਕ ਮਿਜ਼ਾਜੀ ਸ਼ਿਅਰਾਂ ਤੋਂ ਸੰਕੋਚ ਰੱਖਿਆ ਹੈ ਅਤੇ ਸਮਾਜਿਕ ਬੁਰਾਈਆਂ, ਵਿਗੜੀ ਰਾਜਨੀਤੀ, ਧਰਮ ਅੰਧਤਾ, ਸੱਭਿਆਚਾਰਕ ਵਿਡੰਬਨਾਵਾਂ ਅਤੇ ਆਰਥਿਕ ਨਾ ਬਰਾਬਰੀ ਵਰਗੇ ਵਿਸ਼ੇ ਆਪਣੇ ਸ਼ਿਅਰਾਂ ਵਿੱਚ ਸੰਜੋਏ ਹਨ। ਪਰ ਇਸ ਦਾ ਭਾਵ ਨਹੀਂ ਕਿ ਉਸ ਦੀਆਂ ਗ਼ਜ਼ਲਾਂ ਪ੍ਰੇਮ ਪਿਆਰ ਦੀ ਮਹਿਕ ਤੋਂ ਵਿਹੂਣੀਆਂ ਨੇ। ਸਗੋਂ ਉਹ ਆਪਣੀਆਂ ਗ਼ਜ਼ਲਾਂ ਵਿੱਚ ਇਸ ਰੰਗ ਨੂੰ ਫੁੱਲਾਂ ਦੇ ਸਹਿਜ ਰੰਗ ਵਾਂਗ ਲੈਂਦਾ ਹੈ।

ਮੈਂ ਜਿਹੜੇ ਭੇਜਦਾਂ ਉਸ ਨੂੰ ਕਿਤਾਬਾਂ ਵਿੱਚ ਫੁੱਲ ਧਰ ਕੇ,
ਉਹਨਾਂ ਫੁੱਲਾਂ ਨੂੰ ਹੀ ਵਾਪਸ ਘਲਾਉਂਦਾ ਯਾਦ ਹੁਣ ਮੈਨੂੰ।



ਜੇਕਰ ਤੋੜ ਨਿਭਾਅ ਨਹੀਂ ਸਕਦੇ ਤਾਂ ਸਭ ਵਾਅਦੇ ਤੋੜ ਦਿਓ,
ਆਪਣੇ ਸਾਵਣ ਲੈ ਲਉ ਮੈਨੂੰ ਮੇਰੀਆਂ ਔੜਾਂ ਮੋੜ ਦਿਓ।

ਉਸਦੇ ਬਹੁਤ ਸਾਰੇ ਸ਼ਿਅਰ ਕੋਟ ਕਰਨ ਯੋਗ ਹਨ। ਜਿਵੇਂ :

ਤੋੜ ਕੇ ਇੱਕ ਬਾਂਸ ਨੂੰ ਵੰਝਲੀ ਬਣਾ ਲਿਆ
ਦਰਦ ਸਾਰਾ ਆਪਣਾ ਫਿਰ ਉਸ 'ਚ ਪਾ ਲਿਆ।
ਮੇਰੇ ਪੁੱਤਰੋ ਤੁਹਾਡੀ ਗੁਫ਼ਤਗੂ ਹੋਰਾਂ ਭਾਸ਼ਾਵਾਂ ਵਿੱਚ,
ਮੇਰੀ ਜੋ ਸ਼ਾਨ ਸੀ ਆਪੇ ਤੁਸੀਂ ਪੈਰਾਂ 'ਚ ਹੈ ਰੋਲੀ।

ਸ਼ਾਇਰ ਦੀ ਭਾਸ਼ਾ ਬਹੁਤ ਮਨਮੋਹਕ ਅਤੇ ਸਾਦਗੀ ਭਰਪੂਰ ਹੈ। ਉਸ ਦੇ ਸ਼ਿਅਰਾਂ ਵਿੱਚ ਵਨ-ਸੁਵੰਨਤਾ ਦਾ ਰੰਗ ਹੈ। ਮੈਂ ਸਮਝਦਾ ਹਾਂ ਕਿ ਜਨਕਪ੍ਰੀਤ ਬੇਗੋਵਾਲ ਦਾ ਹਥਲਾ ਗਜ਼ਲ ਸੰਗ੍ਰਹਿ ਪੰਜਾਬੀ ਗ਼ਜ਼ਲ ਦੇ ਪੈਂਡਿਆਂ ਦੀ ਨਿੰਮੀ-ਨਿੰਮੀ ਲੋਅ ਸਮਾਈ ਬੈਠਾ ਹੈ। ਪੁਸਤਕ ਦੇ ਸਾਰੇ ਸ਼ਿਅਰ ਜ਼ਿੰਦਗੀ ਲਈ ਸਿੱਧੇ ਰਸਤਿਆਂ ਦੀ ਤਸਦੀਕ ਕਰਦੇ ਹਨ। ਪੁਸਤਕ ਨੂੰ ਦਿਲੋਂ ਜੀਅ ਆਇਆਂ ਹੈ।

**ਸੁਲੱਖਣ ਸਰਹੱਦੀ**
**ਮੋ. 94174-84337**

◆◆◆

ਪੁਸਤਕ : **ਗ੍ਰਹਿਸਤ ਦਾ ਗੱਡਾ**
ਨਾਟਕਕਾਰ : **ਸਤਵਿੰਦਰ ਬੇਗੋਵਾਲੀਆ**
ਪ੍ਰਕਾਸ਼ਤਕ : ਸੁੰਦਰ ਬੁੱਕ ਡਿਪੋ ਜਲੰਧਰ
ਮੁੱਲ : 125 ਰੁਪਏ, ਸਫ਼ੇ : 96

ਸਤਵਿੰਦਰ ਬੇਗੋਵਾਲੀਆ ਪੰਜਾਬੀ ਨਾਟਕ ਦੇ ਖੇਤਰ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਕਾਫ਼ੀ ਸਰਗਰਮੀ ਅਤੇ ਸ਼ਿੱਦਤ ਨਾਲ ਰਚਨਾ ਕਰ ਰਿਹਾ ਹੈ ਅਤੇ ਮੰਚੀਕਰਨ ਦੀਆਂ ਵਿਧੀਆਂ ਤੋਂ ਜਾਣੂ ਹੋਣ ਕਰਕੇ ਨਾਟਕਾਂ ਨੂੰ ਰੰਗਮੰਚ ਉੱਤੇ ਪੇਸ਼ ਵੀ ਕਰ ਰਿਹਾ ਹੈ। ਇਸ ਨਾਟ-ਸੰਗ੍ਰਹਿ 'ਗ੍ਰਹਿਸਤ ਦਾ ਗੱਡਾ' ਤੋਂ ਪਹਿਲਾਂ 'ਕਲਯੁਗ ਦੀ ਮੈਲ' 'ਜਬੈ ਬਾਣ ਲਾਗਿਓ', ਡਾਲਰ ਮੇਰਾ ਪੁੱਤਰ ਅਤੇ 'ਜੇਠੂ ਦਾ ਕੋਠਾ' ਆਦਿ ਨਾਟ-ਰਚਨਾਵਾਂ ਦੀ ਰਚਨਾ ਵੀ ਕਰ ਚੁੱਕਾ ਹੈ ਅਤੇ ਇਨ੍ਹਾਂ ਦਾ ਮੰਚੀਕਰਨ ਵੀ ਕਰ ਚੁੱਕਾ ਹੈ। ਹੁਣ ਉਹ ਆਪਣਾ ਨਵਾਂ ਨਾਟ-ਸੰਗ੍ਰਹਿ 'ਗ੍ਰਹਿਸਤ ਦਾ ਗੱਡਾ' ਲੈ ਕੇ ਹਾਜ਼ਰ ਹੋਇਆ ਹੈ ਜਿਸ ਵਿੱਚ ਉਸ ਨੇ 'ਚੜ੍ਹ ਜਾ ਜਹਾਜ਼ ਤੇ, ਮੈਂ ਮਹਾਂਪੁਰਸ਼ ਨਹੀਂ ਹਾਂ।'' ਗ੍ਰਹਿਸਤ ਦਾ ਗੱਡਾ ਅਤੇ 'ਸਿਆਸਤ ਇੱਕ ਸਕੂਲ ਦੀ, ਇਕਾਂਗੀ ਸ਼ਾਮਿਲ ਕੀਤੇ ਹਨ। ਇਨ੍ਹਾਂ ਸਾਰੀਆਂ ਹੀ ਕਾਵਿ ਰਚਨਾਵਾਂ ਵਿੱਚ ਸਤਵਿੰਦਰ ਬੇਗੋਵਾਲੀਆ ਨੇ ਜਿਥੇ ਸਾਡੇ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਸਮਾਜਿਕ ਬੁਰਾਈਆਂ ਅਤੇ ਮਹਿੰਗਾਈ ਦੇ ਇਸ ਦੌਰ ਵਿੱਚ ਪਰਿਵਾਰਕ ਜ਼ਿੰਦਗੀ ਵਿੱਚ ਪੈਦਾ ਹੋ ਰਹੇ ਖਲਲ ਨੂੰ ਪੇਸ਼ ਕੀਤਾ ਹੈ ਉਥੇ ਸਾਡੀ ਸਕੂਲ ਵਿੱਦਿਆ ਜਿਸ ਨੇ ਕਿ ਵਿਦਿਆਰਥੀ ਵਰਗ ਦੀਆਂ ਜੜ੍ਹਾਂ ਮਜ਼ਬੂਤ ਕਰਨੀਆਂ ਹੁੰਦੀਆਂ ਹਨ ਉਸ ਵਿੱਚ ਪੈਦਾ ਹੋ ਰਹੀ ਅਧਿਆਪਕੀ ਖਿਚੋਤਾਣ ਅਤੇ ਚੋਧਰਾਂ ਦੀ ਆੜ ਹੇਠ ਇਸ ਪਵਿੱਤਰ ਕਿੱਤੇ ਦੇ ਹੋ ਰਹੇ ਘਾਣ ਨੂੰ ਵੀ ਆਪਣੇ ਵਿਅੰਗ ਬਾਣ ਦਾ ਨਿਸ਼ਾਨਾ ਬਣਾਇਆ ਹੈ। ਸਤਵਿੰਦਰ ਬੇਗੋਵਾਲੀਆ ਨੇ ਇਸ ਸੰਗ੍ਰਹਿ ਦੇ ਪਹਿਲੇ ਇਕਾਂਗੀ ਵਿੱਚ ਇਕ ਅਜਿਹੀ ਸਮੱਸਿਆ ਨੂੰ ਸਾਡੇ ਰੂ-ਬ-ਰੂ ਕੀਤਾ ਹੈ ਜਿਸ

ਨਾਲ ਅੱਜ ਸਾਡਾ ਸਮਾਜ ਜੂਝ ਰਿਹਾ ਹੈ। ਵਿਸ਼ੇਸ਼ ਕਰਕੇ ਪੰਜਾਬੀ ਭਾਈਚਾਰਾ ਦੋ ਚਾਰ ਹੋ ਰਿਹਾ ਹੈ। ਵਧ ਰਹੀ ਬੇਰੁਜ਼ਗਾਰੀ ਅਤੇ ਬੇਰੁਜ਼ਗਾਰੀ ਦੇ ਸਤਾਏ ਹੋਏ ਨੌਜਵਾਨ ਜਿਥੇ ਵਿਦੇਸ਼ਾਂ ਵੱਲ ਆਪਣਾ ਰੁੱਖ ਕਰ ਰਹੇ ਹਨ ਉਥੇ ਉਨ੍ਹਾਂ ਦੀ ਗੈਰ-ਹਾਜ਼ਰੀ ਅਤੇ ਆਰਥਿਕਤਾ ਦੀ ਮਜ਼ਬੂਤੀ ਦੀ ਹਾਜ਼ਰੀ ਮਾਪਿਆਂ ਦੀ ਜ਼ਿੰਦਗੀ ਨੂੰ ਨਰਕ ਬਣਾ ਰਹੀ ਹੈ। 'ਚੜ੍ਹ ਦਾ ਜਹਾਜ਼ ਤੇ' ਵਿਚਲਾ ਸਾਹਬੀ ਨਾਂ ਦਾ ਪਾਤਰ ਕੁਝ ਅਜਿਹੀ ਹੀ ਸਥਿਤੀ ਵਿਚ ਵਿਚਰਦਾ ਹੈ। ਇਸ ਇਕਾਂਗੀ ਸੰਗ੍ਰਹਿ ਦੇ ਦੂਜੇ ਇਕਾਂਗੀ 'ਮੈਂ ਮਹਾਂਪੁਰਸ਼ ਨਹੀਂ ਹਾਂ' ਵਿੱਚ ਜਿਥੇ ਵਿਹਲੜ ਅਤੇ ਪਾਖੰਡੀ ਲੋਕਾਂ ਦੀ ਫਿਤਰਤ ਤੋਂ ਪਰਦਾ ਲਾਹਿਆ ਹੈ ਉਥੇ ਸਾਡੀ ਅਨਪੜ੍ਹਤਾ ਇਸ ਤਰ੍ਹਾਂ ਦੇ ਪਾਖੰਡੀ ਲੋਕਾਂ ਨੂੰ ਹਵਾ ਦੇ ਰਹੀ ਹੈ ਅਤੇ ਬਗੈਰ ਕਿਸੇ ਤਰਕ ਤੋਂ ਅਸੀਂ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਬਣ ਰਹੇ ਹਾਂ ਪਰ ਸੋਚਸ਼ੀਲ ਵਿਅਕਤੀਆਂ ਦੀ ਗੱਲ ਸੁਣਨ ਲਈ ਵੀ ਰਾਜ਼ੀ ਨਹੀਂ ਹਾਂ ਜਿਵੇਂ ਕਿ ਉਦਾਹਰਣ ਵਜੋਂ ਇਸ ਇਕਾਂਗੀ ਵਿੱਚ ਪਾਤਰ ਚਰਨ ਸਿੰਘ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਉਣ ਲਈ ਕਾਫੀ ਸੰਘਰਸ਼ ਵਿਚੋਂ ਗੁਜ਼ਰਦਾ ਹੈ ਤੇ ਇਸ ਧੰਦੇ ਵਿੱਚ ਲੱਗੇ ਪਾਖੰਡੀਆਂ ਦੀ ਅਸਲੀਅਤ ਤੋਂ ਪਰਦਾ ਲਾਹੁੰਦਾ ਹੈ। ਇਕਾਂਗੀ ਦਾ ਤੀਜਾ ਇਕਾਂਗੀ 'ਗ੍ਰਿਹਸਤ ਦਾ ਗੱਡਾ' ਸਾਡੇ ਸਮਾਜ ਦੀ ਅਜਿਹੀ ਸਮੱਸਿਆ ਦੀ ਬਾਤ ਪਾਉਂਦਾ ਹੈ ਜਿਸ ਵਿੱਚ ਗਰੀਬ ਲੋਕ ਸਾਰੇ ਹੀ ਫਸੇ ਹੋਏ ਹਨ ਅਤੇ ਪਿਸ ਰਹੇ ਹਨ ਇਥੋਂ ਤੱਕ ਕਿ ਗਰੀਬੀ ਅਤੇ ਮਹਿੰਗਾਈ ਕਰਕੇ ਜਿਥੇ ਘਰ ਗ੍ਰਿਹਸਤੀ ਨੂੰ ਤੋਰਨਾ ਔਖਾ ਹੋ ਰਿਹਾ ਹੈ ਉਥੇ ਕਈ ਵਾਰੀ ਹੁਨਰ ਵੀ ਇਸ ਦੀ ਮਾਰ ਥੱਲੇ ਆ ਕੇ ਖਤਮ ਹੋ ਜਾਂਦਾ ਹੈ ਇਥੋਂ ਤੱਕ ਕਿ ਮਹਿੰਗਾਈ ਕਰਕੇ ਕਈ ਪਰਿਵਾਰਾਂ ਵਿੱਚ ਅਜਿਹੇ ਦੁਖਾਂਤ ਵਰਤਰਦੇ ਹਨ ਜੋ ਅਸਹਿਣਯੋਗ ਹੁੰਦੇ ਹਨ, ਕੁਝ ਅਜਿਹਾ ਹੀ ਬੱਗਾ ਸਿੰਘ ਦੇ ਪਰਿਵਾਰ ਨਾਲ ਵੀ ਭਾਣਾ ਵਾਪਰਦਾ ਹੈ। ਨਾਲ ਦੀ ਨਾਲ ਇਕਾਂਗੀ ਵਿੱਚ ਉਹਨਾਂ ਵਿਹਲੜ ਲੋਕਾਂ ਦੀ ਫਿਤਰਤ ਤੋਂ ਵੀ ਪਰਦਾ ਲਾਹਿਆ ਹੈ ਜੋ ਸਫ਼ੈਦ ਪੋਸ਼ੀ ਦੇ ਢੋਂਗ ਥੱਲੇ ਲੋਕਾਂ ਨੂੰ ਲੁੱਟ ਤੇ ਕੁੱਟ ਰਹੇ ਹਨ। ਇਕਾਂਗੀ ਸੰਗ੍ਰਹਿ ਦਾ ਚੌਥਾ ਇਕਾਂਗੀ 'ਸਿਆਸਤ ਇੱਕ ਸਕੂਲ ਦੀ' ਵਿੱਚ ਸਕੂਲ ਵਿੱਚ ਆਪਸੀ ਖਹਿਬਾਜ਼ੀ ਕਾਰਨ ਆ ਰਹੇ ਨਿਗਾਰ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਥੇ ਸੰਜੀਦਾ ਅਤੇ ਇਮਾਨਦਾਰ ਅਧਿਆਪਕਾਂ ਨੂੰ ਆਪਸੀ ਗੁੱਟਬੰਦੀਆਂ ਅਤੇ ਤਿਕੜਮਬਾਜ਼ੀਆਂ ਕਰਕੇ ਨੀਵਾਂ ਦਿਖਾਉਣ ਦਾ ਯਤਨ ਕੀਤਾ ਜਾਂਦਾ ਹੈ ਪਰ ਸੱਚਾਈ ਦੀ ਜਿੱਤ ਹੋਣ ਦੀ ਗੱਲ ਵੀ ਉਭਰਵੇਂ ਰੂਪ ਵਿੱਚ ਪੇਸ਼ ਕੀਤੀ ਗਈ ਹੈ। ਸਤਵਿੰਦਰ ਬੇਗੋਵਾਲੀਆ ਦੇ ਹਰੇਕ ਇਕਾਂਗੀ ਦੇ ਨਾਲ ਮੰਚੀਕਰਨ ਦੀਆਂ ਜੁਗਤਾਂ ਬਾਰੇ ਵੀ ਦੱਸਿਆ ਹੈ। ਇਨ੍ਹਾਂ ਇਕਾਂਗੀਆਂ ਵਿਚਲੇ ਪਾਤਰ ਆਮ ਸਧਾਰਨ ਜ਼ਿੰਦਗੀ ਵਿੱਚ ਵਿਚਰਦੇ ਹੱਡ ਮਾਸ ਦੇ ਪੁਤਲੇ ਹਨ ਜੋ ਹਰੇਕ ਗਲੀ ਮੋੜ ਤੇ ਮਿਲ ਜਾਂਦੇ ਹਨ। ਇਕਾਂਗੀਆਂ ਵਿੱਚ ਭਾਸ਼ਾ ਪਾਤਰਾਂ ਦੀ ਸਥਿਤੀ ਦੇ ਅਨੁਕੂਲ ਵਰਤੀ ਗਈ ਹੈ ਅਤੇ ਰੌਚਕਤਾ ਭਰਨ ਲਈ ਕਾਵਿ ਤੁਕਾਂ ਅਤੇ ਕਾਵਿ-ਮਈ ਭਾਸ਼ਾ ਦਾ ਇਸਤੇਮਾਲ ਵੀ ਕੀਤਾ ਗਿਆ ਹੈ। ਇਕਾਂਗੀਆਂ ਦੇ ਵਿਸ਼ੇ ਆਮ ਸਾਧਾਰਨ ਜ਼ਿੰਦਗੀ ਵਿੱਚੋਂ ਲਏ ਹੋਣ ਕਰਕੇ ਇਹ ਪਾਠਕਾਂ ਨਾਲ ਅਸਾਨੀ ਨਾਲ ਸਾਂਝ ਵੀ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਇਕੋ ਸਾਹੇ ਪੜ੍ਹਨ ਲਈ ਮਜ਼ਬੂਰ ਵੀ ਕਰਦੇ ਹਨ। ਸੋ 'ਗ੍ਰਿਹਸਤ ਦਾ ਗੱਡਾ' ਇਕਾਂਗੀ ਸੰਗ੍ਰਹਿ ਸਤਵਿੰਦਰ ਬੇਗੋਵਾਲੀਆ ਦੀ ਨਾਟ ਸਰਗਰਮੀ ਨੂੰ ਹੋਰ ਜ਼ਿਆਦਾ ਬੜ੍ਹਾਵਾ ਦੇਣ ਵਾਲੀ ਸਾਹਿਤਕ ਕਿਰਤ ਹੈ।

**ਡਾ. ਸਰਦੂਲ ਸਿੰਘ ਔਜਲਾ**
**ਮੁੱਖੀ ਪੰਜਾਬੀ ਵਿਭਾਗ**
**ਡਿਪਸ ਕਾਲਜ ਢਿਲਵਾਂ, ਜ਼ਿਲ੍ਹਾ-ਕਪੂਰਥਲਾ** 144804, (ਪੰਜਾਬ), 98151-68611



# ਪੰਜਾਬ ਕਲਾ ਮੰਚ ਬੇਗੋਵਾਲ ਵੱਲੋਂ ਸਾਹਿਤਕ-ਸੱਭਿਆਚਾਰਕ ਪ੍ਰੋਗਰਾਮ

## ਨਾਟਕ 'ਸਿਆਸਤ ਇੱਕ ਸਕੂਲ ਦੀ' ਰਿਹਾ ਦਰਸ਼ਕਾਂ ਲਈ ਖਿੱਚ ਦਾ ਕੇਂਦਰ

ਸਾਹਿਤ ਅਤੇ ਰੰਗਮੰਚ ਨੂੰ ਸਮਰਪਿਤ ਸੰਸਥਾ ਪੰਜਾਬ ਕਲਾ ਮੰਚ ਬੇਗੋਵਾਲ ਵੱਲੋਂ ਸਾਲਾਨਾ ਸਾਹਿਤਕ ਸੱਭਿਆਚਾਰਕ ਪ੍ਰੋਗਰਾਮ 'ਰੂਹ ਪੰਜਾਬੀ' ਦਾ 12 ਦਸੰਬਰ 2015 ਨੂੰ ਆਯੋਜਨ ਕੀਤਾ ਗਿਆ। ਮੀਖੋਵਾਲ ਪਾਰਕ ਬੇਗੋਵਾਲ ਵਿਖੇ ਇਹ ਪ੍ਰੋਗਰਾਮ ਆਈ.ਸੀ. ਨੰਦਾ ਪੁਰਸਕਾਰ ਜੇਤੂ ਨਾਟਕਕਾਰ ਪ੍ਰੋ. ਸਤਵਿੰਦਰ ਬੇਗੋਵਾਲੀਆ ਅਤੇ ਮੰਚ ਪ੍ਰਧਾਨ ਸਰੂਪ ਸਿੰਘ ਖਾਸਰੀਆ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕਾ ਬੀਬੀ ਜਗੀਰ ਕੌਰ ਮੁੱਖ ਮਹਿਮਾਨ ਵਜੋਂ ਪਹੁੰਚੇ।

ਪ੍ਰੋਗਰਾਮ ਦਾ ਉਦਘਾਟਨ ਨਗਰ ਪੰਚਾਇਤ ਬੇਗੋਵਾਲ ਦੇ ਪ੍ਰਧਾਨ ਅਨੂਪ ਸਿੰਘ ਅਤੇ ਸਤਪਾਲ ਸਿੰਘ ਭੁੱਟੇ ਨੇ ਕੀਤਾ। ਪ੍ਰੋਗਰਾਮ ਦੌਰਾਨ ਪ੍ਰੋ. ਸਤਵਿੰਦਰ ਬੇਗੋਵਾਲੀਆ ਦਾ ਰਚਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਸਿਆਸਤ ਇਕ ਸਕੂਲ ਦੀ' ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਇਸ ਨਾਟਕ ਦੀ ਸਫ਼ਲ ਪੇਸ਼ਕਾਰੀ ਮਨਜੀਤ ਧਾਲੀਵਾਲ, ਸੰਦੀਪ ਦਰਦੀ, ਕਮਲਜੋਤ ਸਿੰਘ, ਅਮਨਦੀਪ, ਰੌਬਿਨ ਸਿੰਘ ਅਤੇ ਮਨਪ੍ਰੀਤ ਨੇ ਕਰਦਿਆਂ ਪ੍ਰਭਾਵਸ਼ਾਲੀ ਭੂਮਿਕਾਵਾਂ ਨਿਭਾਈਆਂ। ਨਾਟਕ ਵਿੱਚ ਦਿਖਾਇਆ ਗਿਆ ਕਿ ਕਿਵੇਂ ਮਿਹਨਤੀ ਅਤੇ ਲਾਇਕ ਅਧਿਆਪਕ ਨੂੰ ਸਕੂਲ ਵਿੱਚ ਗੁੱਠੇ ਲਾਉਣ ਲਈ ਸਕੂਲ ਮੁਖੀ ਸਮੇਤ ਉਸ ਦੀ ਜੁੰਡਲੀ ਹਰ ਹਰਬਾ ਵਰਤਦੀ ਹੈ ਪਰ ਜਾਗ੍ਰਿਤ ਵਰਗ ਵਿੱਚ ਉਨ੍ਹਾਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਇਸੇ ਦੌਰਾਨ ਗਾਇਕੀ ਦੇ ਖੇਤਰ ਵਿੱਚ ਦਲਵਿੰਦਰ ਦਿਆਲਪੁਰੀ ਅਤੇ ਬਲਵੀਰ ਭੱਲੀ ਨੇ ਚੋਣਵੇਂ ਗੀਤ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।

ਇਸ ਮੌਕੇ ਹਲਕਾ ਵਿਧਾਇਕ ਬੀਬੀ ਜਗੀਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਯੁੱਗ ਵਿੱਚ ਸਾਹਿਤਕ ਪ੍ਰੋਗਰਾਮ ਸੱਭਿਆਚਾਰਕ ਛੂਹ ਨਾਲ ਬਿਹਤਰ ਸੰਦੇਸ਼ ਦੇ ਸਕਦੇ ਹਨ।

ਇਸ ਮੌਕੇ ਸੰਸਥਾ ਦੇ ਮੁੱਖ ਸਰਪ੍ਰਸਤ ਪ੍ਰੀਤਮ ਸਿੰਘ ਨੌਰੰਗਪੁਰ, ਸੁਖਚੈਨ ਸਿੰਘ ਮੁਰੱਬੀਆ, ਰਮੇਸ਼ ਚੰਦਰ ਗਾਂਧੀ, ਜਗਜੀਤ ਸਿੰਘ ਖਾਸਰੀਆ, ਪ੍ਰੋ. ਜਸਵੰਤ ਸਿੰਘ, ਬਲਬੀਰ ਸਿੰਘ ਤਲਵੰਡੀ, ਗੁਰਸੇਵਕ ਸਿੰਘ, ਸਰਬਜੀਤ ਸਿੰਘ ਪੱਪਲ, ਅਮਰੀਕ ਸਿੰਘ ਸਰਪੰਚ, ਕਸ਼ਮੀਰ ਸਿੰਘ ਮੁਲਤਾਨੀ, ਦਲਜੀਤ ਸਿੰਘ ਰਤਨ, ਮਾਸਟਰ ਸਵਰਨ ਸਿੰਘ, ਮਨੋਜ ਫਗਵਾੜਵੀ, ਸੁਖਦੇਵ ਸਿੰਘ ਗੰਢਵਾਂ, ਬਬਲਾ ਬੇਗੋਵਾਲ, ਗੁਰਪ੍ਰੀਤ ਸਿੰਘ ਬੰਟੀ, ਬਲਬੀਰ ਸਿੰਘ ਬਾਲਾਪੀਰ, ਨਰਿੰਦਰਪਾਲ ਸਿੰਘ ਹੈਪੀ ਅਤੇ ਹੋਰ ਸ਼ਖਸ਼ੀਅਤਾਂ ਹਾਜ਼ਰ ਸਨ। ਅੰਤ ਵਿੱਚ ਪ੍ਰੀਤਮ ਸਿੰਘ ਨੌਰੰਗਪੁਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਰੰਗਕਰਮੀ ਵਿਦਿਆ ਸਾਗਰ ਨੇ ਬਾਖ਼ੂਬੀ ਨਿਭਾਈ।